ਮੰਗਲਵਾਰ, 18 ਫਰਵਰੀ, 2025
7 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 259

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • TUESDAY, 18 FEBRUARY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਦਿੱਲੀ ਤੇ ਬਿਹਾਰ 'ਚ ਭੂਚਾਲ ਦੇ ਝਟਕੇ

ਨਵੀਂ ਦਿੱਲੀ : ਕੌਮੀ ਰਾਜਧਾਨੀ ਅਤੇ ਨੇੜਲੇ ਇਲਾਕਿਆਂ ਵਿੱਚ ਸੋਮਵਾਰ ਸਵੇਰੇ 5:36 ਵਜੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਸ਼ਿੱਦਤ 4.0 ਮਾਪੀ ਗਈ। ਝਟਕਿਆਂ ਕਾਰਨ ਦਿੱਲੀ, ਨੋਇਡਾ, ਗ੍ਰੇਟਰ ਨੋਇਡਾ ਅਤੇ ਗਾਜ਼ੀਆਬਾਦ ਵਿੱਚ ਲੋਕ ਘਰਾਂ ਵਿੱਚੋਂ ਬਾਹਰ ਆ ਗਏ। ਭੂਚਾਲ ਦਾ ਕੇਂਦਰ ਝੀਲ ਪਾਰਕ ਖੇਤਰ ਵਿੱਚ ਪੰਜ ਕਿੱਲੋਮੀਟਰ ਦੀ ਡੂੰਘਾਈ 'ਚ ਸੀ। ਝੀਲ ਪਾਰਕ ਖੇਤਰ ਵਿੱਚ ਹਰ ਦੋ ਤੋਂ ਤਿੰਨ ਸਾਲ ਵਿੱਚ ਇੱਕ ਵਾਰ ਛੋਟੇ, ਘੱਟ ਸ਼ਿੱਦਤ ਵਾਲੇ ਭੂਚਾਲ ਦੇ ਝਟਕੇ ਆਏ ਹਨ। ਸਾਲ 2015 ਵਿੱਚ ਇੱਥੇ 3.3 ਤੀਬਰਤਾ ਦਾ ਭੂਚਾਲ ਆਇਆ ਸੀ। ਇਸ ਦੌਰਾਨ ਬਿਹਾਰ ਵਿੱਚ ਵੀ ਸਵੇਰੇ 8:02 ਵਜੇ 4.0 ਦੀ ਤੀਬਰਤਾ ਵਾਲੇ ਝਟਕੇ ਮਹਿਸੂਸ ਕੀਤੇ ਗਏ। ਬਿਹਾਰ ਵਿੱਚ ਭੂਚਾਲ ਦਾ ਕੇਂਦਰ ਸਿਵਾਨ 'ਚ 10 ਕਿੱਲੋਮੀਟਰ ਦੀ ਡੂੰਘਾਈ 'ਚ ਸੀ।

ਹਾਈ ਕੋਰਟ ਨੂੰ ਮਿਲੇ ਦੋ ਨਵੇਂ ਜੱਜ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ ਨੇ ਸੋਮਵਾਰ ਹਰਮੀਤ ਸਿੰਘ ਗਰੇਵਾਲ ਅਤੇ ਦੀਪੇਂਦਰ ਸਿੰਘ ਨਲਵਾ ਨੂੰ ਐਡੀਸ਼ਨਲ ਜੱਜ ਵਜੋਂ ਸਹੁੰ ਚੁਕਾਈ। ਇਸ ਨਾਲ ਹਾਈ ਕੋਰਟ ਵਿੱਚ ਜੱਜਾਂ ਦੀ ਗਿਣਤੀ ਵਧ ਕੇ 53 ਹੋ ਗਈ ਹੈ। ਹਾਲਾਂਕਿ ਲੋੜੀਂਦੇ 85 ਜੱਜਾਂ ਨਾਲੋਂ ਅਜੇ ਵੀ 32 ਘੱਟ ਹਨ। ਇਸ ਸਾਲ ਤਿੰਨ ਜੱਜ ਸੇਵਾ-ਮੁਕਤ ਹੋ ਰਹੇ ਹਨ।

ਕੁੰਭ 'ਚ ਪੰਜਵੀਂ ਅੱਗ

ਪ੍ਰਯਾਗਰਾਜ : ਇੱਥੋਂ ਦੇ ਮਹਾਕੁੰਭ ਮੇਲਾ ਖੇਤਰ ਦੇ ਸੈਕਟਰ 8 ਦੇ ਇੱਕ ਖਾਲੀ ਟੈਂਟ ਵਿੱਚ ਸੋਮਵਾਰ ਅੱਗ ਲੱਗਣ ਕਾਰਨ ਦੋ ਤੰਬੂ ਸੜ ਗਏ। ਮਹਾਕੁੰਭ ਵਿੱਚ ਪਿਛਲੇ ਇਕ ਮਹੀਨੇ 'ਚ ਪੰਜ ਵਾਰ ਅੱਗ ਲੱਗੀ ਹੈ। ਇਸ ਤੋਂ ਪਹਿਲਾਂ 19 ਜਨਵਰੀ, 30 ਜਨਵਰੀ, 7 ਫਰਵਰੀ ਤੇ 15 ਫਰਵਰੀ ਨੂੰ ਅੱਗ ਲੱਗੀ ਸੀ।

ਵਿਆਹ 'ਚ ਫਾਇਰਿੰਗ, ਢਾਈ ਸਾਲ ਦੇ ਬੱਚੇ ਦੀ ਜਾਨ ਗਈ

ਨੋਇਡਾ : ਗੌਤਮਬੁੱਧ ਨਗਰ ਦੇ ਸੈਕਟਰ 49 ਥਾਣੇ ਖੇਤਰ ਦੇ ਅਗਾਹਪੁਰ ਪਿੰਡ ਵਿੱਚ ਐਤਵਾਰ ਰਾਤ ਬਰਾਤ ਵਿੱਚ ਕੀਤੀ ਗਈ ਫਾਇਰਿੰਗ ਵਿੱਚ ਢਾਈ ਸਾਲ ਦੇ ਬੱਚੇ ਦੀ ਮੌਤ ਹੋ ਗਈ। ਬਲਵੀਰ ਦੇ ਘਰ ਬਰਾਤ ਵਿੱਚ ਆਏ ਕੁਝ ਲੋਕਾਂ ਨੇ ਫਾਇਰਿੰਗ ਕੀਤੀ। ਇਸ ਦੌਰਾਨ ਛੱਤ 'ਤੇ ਖੜ੍ਹੇ ਹੋ ਕੇ ਬਰਾਤ ਦੇਖ ਰਹੇ ਢਾਈ ਸਾਲ ਦੇ ਬੱਚੇ ਅੰਸ਼ ਨੂੰ ਗੋਲੀ ਲੱਗ ਗਈ। ਪੁਲਸ ਨੇ ਪਰਵਾਰਕ ਮੈਂਬਰ ਦੀ ਸ਼ਿਕਾਇਤ 'ਤੇ ਹੈਪੀ ਅਤੇ ਦੀਪਾਂਸ਼ੂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਮੁਲਜ਼ਮ ਸ਼ਰਾਬ ਦੇ ਨਸ਼ੇ ਵਿਚ ਸਨ ਅਤੇ ਗੈਰਕਾਨੂੰਨੀ ਹਥਿਆਰ ਨਾਲ ਫਾਇਰ ਕਰ ਰਹੇ ਸਨ।

ਸਕੂਲੀ ਬੱਸ ਨਹਿਰ 'ਚ ਡਿੱਗੀ



ਕੈਥਲ : ਨੌਚ ਪਿੰਡ ਵਿੱਚ ਸੋਮਵਾਰ ਸਵੇਰੇ ਸਕੂਲੀ ਬੱਚਿਆਂ ਨੂੰ ਲਿਜਾ ਰਹੀ ਬੱਸ ਸਤਲੁਜ-ਯਮੁਨਾ ਲਿੰਕ ਨਹਿਰ ਵਿੱਚ ਡਿੱਗਣ ਕਾਰਨ 8 ਬੱਚੇ, ਡਰਾਈਵਰ ਅਤੇ ਮਹਿਲਾ ਕੰਡਕਟਰ ਗੰਭੀਰ ਜ਼ਖਮੀ ਹੋ ਗਏ। ਪਿਹੋਵਾ ਦੀ ਗੁਰੂ ਨਾਨਕ ਅਕੈਡਮੀ ਦੀ ਬੱਸ ਪਿੰਡ ਦੇ ਡੇਰਿਆਂ (ਢਾਣੀਆਂ) ਤੋਂ ਬੱਚੇ ਲਿਆ ਰਹੀ ਸੀ। ਸਤੁਲਜ-ਯਮੁਨਾ ਲਿੰਕ ਨਹਿਰ ਦੀ ਪਟੜੀ ਤੋਂ ਲੰਘਦੇ ਸਮੇਂ ਬੱਸ 'ਚ ਕੋਈ ਤਕਨੀਕੀ ਨੁਕਸ ਪੈ ਗਿਆ, ਜਿਸ ਕਾਰਨ ਬੱਸ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਸਿੱਧੀ ਨਹਿਰ ਵਿੱਚ ਡਿੱਗ ਗਈ।

ਨਾਗੇਸ਼ਵਰ ਰਾਓ ਵਿਜੀਲੈਂਸ ਬਿਊਰੋ ਦੇ ਨਵੇਂ ਮੁਖੀ

ਚੰਡੀਗੜ੍ਹ : ਜੀ ਨਾਗੇਸ਼ਵਰ ਰਾਓ ਹੁਣ ਪੰਜਾਬ ਵਿਜੀਲੈਂਸ ਬਿਊਰੋ ਦੇ ਨਵੇਂ ਮੁਖੀ ਹੋਣਗੇ। ਗ੍ਰਹਿ ਮਾਮਲਿਆਂ ਬਾਰੇ ਵਿਭਾਗ ਵੱਲੋਂ ਜਾਰੀ ਪੱਤਰ ਅਨੁਸਾਰ ਰਾਓ ਨੂੰ ਪੰਜਾਬ ਵਿਜੀਲੈਂਸ ਬਿਊਰੋ ਦੇ ਚੀਫ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਉਹ ਵਰਿੰਦਰ ਕੁਮਾਰ ਦੀ ਥਾਂ ਲੈਣਗੇ।

ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। *-ਮੈਨੇਜਰ*

ਅੱਜ-ਨਾਮਾ

ਬਦਲਦੇ-ਬਦਲਦੇ ਬਦਲ ਹਾਲਾਤ ਜਾਂਦੇ,
ਬਣੇ ਸਭ ਹੋਰ ਦਾ ਹੋਰ ਬਈ ਹੋਰ ਬੇਲੀ।
ਜਿਵੇਂ ਯੁੱਗਾਂ ਤੋਂ ਚੱਲਦਾ ਵਕਤ ਆਇਆ,
ਸਕਿਆ ਸਾਂਭ ਨਹੀਂ ਉਂਜ ਦੀ ਤੋਰ ਬੇਲੀ।
ਉਲਟੇ ਪਾਸੇ ਸਮਾਜ ਦਾ ਵਹਿਣ ਵਗਦਾ,
ਜਿਵੇਂ ਡਾਢਿਆਂ ਦਾ ਹੋ ਜਾਏ ਜ਼ੋਰ ਬੇਲੀ।
ਸਬਕ ਲੋਕਾਂ ਨੂੰ ਦਿੰਦੇ ਈਮਾਨ ਦਾ ਉਹ,
ਜਿਹੜੇ ਆਪ ਆ ਸਿਖਰ ਦੇ ਚੋਰ ਬੇਲੀ।
ਧੱਕੜਸ਼ਾਹਾਂ ਵਗਾਈ ਤਾਂ ਉਲਟ ਵਹਿਣੀ,
ਕਲਯੁੱਗ ਆਖ ਉਹ ਟਾਲਦੇ ਗੱਲ ਬੇਲੀ।
ਕਰਿਆ ਜਿਨ੍ਹਾਂ ਨੇ ਆਪ ਹੀ ਗਰਕ ਬੇੜਾ,
ਉਹ ਹੀ ਆਖ ਰਹੇ, ਲੱਭਾਂਗੇ ਹੱਲ ਬੇਲੀ।

-ਤੀਸ ਮਾਰ ਖਾਂ

ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਛੱਡੀ

ਅਕਾਲ ਤਖ਼ਤ ਦੇ ਜਥੇਦਾਰ ਨੂੰ ਭਰਤੀ ਨਿਗਰਾਨ ਕਮੇਟੀ 'ਚੋਂ ਵੀ ਫਾਰਗ ਕਰਨ ਦੀ ਬੇਨਤੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗਿਆਨੀ ਹਰਪ੍ਰੀਤ ਸਿੰਘ ਨੂੰ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਫਾਰਗ ਕਰਨ ਦੇ ਫੈਸਲੇ ਤੋਂ ਬਾਅਦ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਸੋਮਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫੇ ਦਾ ਐਲਾਨ ਕਰ ਦਿੱਤਾ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੰਬੰਧੀ ਅਕਾਲ ਤਖਤ ਵੱਲੋਂ ਨਾਮਜ਼ਦ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਫਾਰਗ ਕਰਨ ਲਈ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕਰ ਦਿੱਤੀ। ਐਡਵੋਕੇਟ ਧਾਮੀ, ਜਿਨ੍ਹਾ ਨਵੰਬਰ, 2021 ਵਿੱਚ ਕਮੇਟੀ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ ਸੀ, ਨੇ ਪ੍ਰੈੱਸ ਕਾਨਫਰੰਸ ਵਿੱਚ ਖੁਲਾਸਾ ਕਰਦਿਆਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਫਾਰਗ ਕਰਨ ਦਾ ਫੈਸਲਾ ਅੰਤ੍ਰਿੰਗ ਕਮੇਟੀ ਦਾ ਸੀ, ਜਿਸ ਵਿੱਚ ਕਮੇਟੀ ਦੇ ਉਨ੍ਹਾ ਸਣੇ ਬਾਕੀ ਸਾਰੇ ਮੈਂਬਰ ਵੀ ਹਾਜ਼ਰ ਸਨ ਅਤੇ ਬਹੁ-ਸੰਮਤੀ ਨਾਲ ਇਸ ਫੈਸਲੇ 'ਤੇ ਸਹਿਮਤੀ ਦਿੱਤੀ ਗਈ ਸੀ। ਇਸ ਮਾਮਲੇ ਵਿੱਚ ਸਾਰਿਆਂ ਨਾਲ ਸਲਾਹ-ਮਸ਼ਵਰਾ ਹੋਇਆ ਸੀ ਅਤੇ ਉਸ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵਜੋਂ ਅਸਤੀਫਾ ਉਨ੍ਹਾਂ ਅੰਤ੍ਰਿੰਗ ਕਮੇਟੀ ਨੂੰ ਭੇਜਿਆ ਹੈ, ਜਦੋਂ ਕਿ ਸੱਤ ਮੈਂਬਰੀ ਕਮੇਟੀ ਤੋਂ ਦਿੱਤਾ ਅਸਤੀਫਾ ਉਨ੍ਹਾ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਸੌਂਪ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਪਿਛਲੇ ਦਿਨੀਂ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਲੱਗੇ ਦੋਸ਼ਾਂ ਨੂੰ ਆਧਾਰ ਬਣਾ ਕੇ ਉਨ੍ਹਾ ਨੂੰ ਜਥੇਦਾਰੀ ਦੇ ਅਹੁਦੇ ਤੋਂ ਫਾਰਗ ਕਰਨ ਦਾ ਫੈਸਲਾ ਕੀਤਾ ਸੀ।

ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ 'ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਤਰਾਜ਼ ਪ੍ਰਗਟਾਇਆ ਸੀ। ਉਹ ਉਸ ਵੇਲੇ ਇੰਗਲੈਂਡ ਦੌਰੇ 'ਤੇ ਸਨ ਅਤੇ ਉਨ੍ਹਾ ਆਪਣੇ ਸੋਸ਼ਲ ਮੀਡੀਆ ਖਾਤੇ ਵਿੱਚ ਇਸ ਸੰਬੰਧੀ ਆਪਣੀਆਂ ਭਾਵਨਾਵਾਂ ਦਰਜ ਕੀਤੀਆਂ ਸਨ। ਉਨ੍ਹਾ ਨਾ ਸਿਰਫ ਇਸ ਫੈਸਲੇ 'ਤੇ ਇਤਰਾਜ਼ ਕੀਤਾ ਸੀ, ਸਗੋਂ ਇਹ ਵੀ ਕਿਹਾ ਸੀ ਕਿ ਇਸ ਫੈਸਲੇ ਨਾਲ ਉਨ੍ਹਾ ਦੇ ਮਨ ਨੂੰ ਠੇਸ ਪੁੱਜੀ ਹੈ।

ਦੱਸਣਯੋਗ ਹੈ ਕਿ ਗਿਆਨੀ ਰਘਬੀਰ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਬਣਾਈ ਗਈ ਜਾਂਚ ਕਮੇਟੀ 'ਤੇ ਵੀ ਇਤਰਾਜ਼ ਪ੍ਰਗਟਾਇਆ ਸੀ। ਉਨ੍ਹਾ ਕਿਹਾ ਸੀ ਕਿ ਜਥੇਦਾਰਾਂ ਵਿਰੁੱਧ ਜਾਂਚ ਕਰਨ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਨਹੀਂ ਹੈ, ਇਸ ਸੰਬੰਧੀ ਜਾਂਚ ਸਿਰਫ ਅਕਾਲ ਤਖਤ ਦੇ ਜਥੇਦਾਰ ਵੱਲੋਂ ਹੀ ਕੀਤੀ ਜਾ ਸਕਦੀ ਹੈ।

ਅਸਤੀਫਾ ਦੁਖਦਾਇਕ

ਗਿਆਨੀ ਹਰਪ੍ਰੀਤ ਸਿੰਘ ਨੇ ਐਡਵੋਕੇਟ ਧਾਮੀ ਵੱਲੋਂ ਦਿੱਤੇ ਗਏ ਅਸਤੀਫੇ ਨੂੰ ਦੁਖਦਾਇਕ ਕਰਾਰ ਦਿੱਤਾ ਹੈ। ਉਨ੍ਹਾ ਸੋਸ਼ਲ ਮੀਡੀਆ 'ਤੇ ਪਾਈ ਇੱਕ ਪੋਸਟ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਪਰੰਪਰਾਵਾਂ ਤੇ ਮਰਿਆਦਾ ਦੀ ਜਾਣਕਾਰੀ ਤੋਂ ਸੱਖਣੇ ਕੁਝ ਕੁ ਨੇਤਾਵਾਂ ਵੱਲੋਂ ਆਪਣੀਆਂ ਨਿੱਜੀ ਲਾਲਸਾਵਾਂ ਦੀ ਪੂਰਤੀ ਹਿੱਤ ਇੱਕ ਵਿਅਕਤੀ ਵਿਸ਼ੇਸ਼ ਦੀ ਰਾਜਨੀਤੀ ਨੂੰ ਜਿੰਦਾ ਰੱਖਣ ਲਈ ਪੰਥਕ ਸੰਸਥਾਵਾਂ ਨੂੰ ਪੋਤਲਾ ਕੀਤਾ ਜਾ ਰਿਹਾ ਹੈ। ਪੰਥਕ ਸੋਚ ਦੀ ਤਰਜਮਾਨੀ ਕਰਨ ਵਾਲਿਆਂ ਨੂੰ ਜ਼ਲੀਲ ਕਰਕੇ ਬਾਹਰ ਕਰਨ ਦਾ ਰਾਹ ਦਿਖਾਇਆ ਜਾ ਰਿਹਾ ਹੈ ਜਾਂ ਫਿਰ ਦਬਾਅ ਹੀ ਇਸ ਤਰ੍ਹਾਂ ਦਾ ਬਣਾਇਆ ਜਾਂਦਾ ਹੈ ਕਿ ਬੰਦਾ ਖ਼ੁਦ ਹੀ ਛੱਡ ਕੇ ਜਾਣ ਲਈ ਮਜਬੂਰ ਹੋ ਜਾਂਦਾ ਹੈ। ਉਨ੍ਹਾ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਆਪਣੀਆਂ ਗੁਰੂ ਪੰਥ ਦੀਆਂ ਸੰਸਥਾਵਾਂ 'ਤੇ ਮਿਹਰ ਭਰਿਆ ਹੱਥ ਰੱਖੇ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਦੇ ਬਾਅਦ ਦਫਤਰ ਛੱਡ ਕੇ ਜਾਂਦੇ ਹੋਏ ਐਡਵੋਕੇਟ ਹਰਜਿੰਦਰ ਸਿੰਘ ਧਾਮੀ।

ਬੜੇ ਬੇਆਬਰੂ ਹੋ ਕੇ ਤੇਰੇ ਕੂਚੇ ਸੇ ਹਮ ਨਿਕਲੇ...

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਹਿਲੀ ਵਾਰੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ 2020 ਵਿੱਚ ਸੰਭਾਲਣੀ ਸੀ, ਪਰ ਉਸ ਸਮੇਂ ਬੀਬੀ ਜਗੀਰ ਕੌਰ ਨੇ ਖੁਦ ਪ੍ਰਧਾਨ ਬਣਨ ਦਾ ਰੱਟਾ ਪਾ ਦਿੱਤਾ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਇਹ ਕਹਿ ਕੇ ਬੀਬੀ ਨੂੰ ਪ੍ਰਧਾਨ ਬਣਾਉਣ ਦੀ ਹਾਮੀ ਭਰ ਦਿੱਤੀ ਕਿ ਬੀਬੀ ਜੀ ਤਾਂ ਆਪਣੇ ਹੀ ਹਨ।ਸੁਖਬੀਰ ਸਿੰਘ ਬਾਦਲ ਨੇ ਧਾਮੀ ਨਾਲ ਵਾਅਦਾ ਕੀਤਾ ਸੀ ਕਿ ਉਹਨਾ ਨੂੰ ਪ੍ਰਧਾਨ ਬਣਾਇਆ ਜਾਵੇਗਾ, ਪਰ ਉਸ ਸਮੇਂ ਬੀਬੀ ਨੇ ਜ਼ਿੱਦ ਕਰਕੇ ਪ੍ਰਧਾਨਗੀ ਲਈ ਸੀ ਤੇ ਧਾਮੀ ਨੂੰ ਸ਼੍ਰੋਮਣੀ ਕਮੇਟੀ ਦਾ ਆਨਰੇਰੀ ਮੁੱਖ ਸਕੱਤਰ ਲਗਾ ਦਿੱਤਾ ਗਿਆ ਤੇ ਸਾਰੇ ਅਧਿਕਾਰ ਉਸ ਕੋਲ ਆ ਗਏ।2021 ਨਵੰਬਰ ਵਿੱਚ ਧਾਮੀ ਪਹਿਲੀ ਵਾਰੀ ਪ੍ਰਧਾਨ ਬਣੇ ਤਾਂ ਉਹਨਾ ਦਾ ਗਰਮਜੋਸ਼ੀ ਨਾਲ ਸੁਆਗਤ ਹੋਇਆ। ਪਹਿਲਾਂ ਪਹਿਲ ਤਾਂ ਉਹ ਗੱਡੀ ਵੀ ਆਪਣੀ ਵਰਤਦੇ ਸਨ, ਫਿਰ ਜਦੋਂ ਲੰਮੀਆਂ ਵਾਟਾਂ ਪੈ ਗਈਆਂ ਤਾਂ ਉਹਨਾ ਵੱਲੋਂ ਪਹਿਲੇ ਪ੍ਰਧਾਨਾਂ ਵਾਂਗ ਹੀ ਗੱਡੀਆਂ ਦੀ ਰੇਲ ਬਣਾ ਦਿੱਤੀ ਗਈ। ਐਡਵੋਕੇਟ ਧਾਮੀ 'ਤੇ ਕਿਸੇ ਕਿਸਮ ਦਾ ਭ੍ਰਿਸ਼ਟਾਚਾਰ ਦਾ ਇਲਜ਼ਾਮ ਨਹੀ ਲੱਗਦਾ, ਪਰ ਬਾਦਲ ਦਲ ਨੂੰ ਖੁੱਲ੍ਹੀਆਂ ਛੁੱਟੀਆਂ ਵੀ ਦੇ ਦਿੱਤੀਆਂ। ਸ਼੍ਰੋਮਣੀ ਕਮੇਟੀ ਵਿੱਚ ਸਿਰਫ ਦੋ ਹੀ ਵਿਅਕਤੀਆਂ ਹਰਸਿਮਰਤ ਕੌਰ ਬਾਦਲ ਤੇ ਬਿਕਰਮ ਸਿੰਘ ਮਜੀਠੀਆਂ ਦੇ ਹੀ ਹੁਕਮ ਚੱਲਦੇ ਹਨ। ਧਾਮੀ ਨੇ ਭਾਵੇਂ ਅਸਤੀਫਾ ਦੇ ਕੇ ਆਪਣੇ ਆਪ ਨੂੰ ਸੁਰਖਰੂ ਕਰ ਲਿਆ ਹੈ, ਪਰ ਇਸ ਸਮੇਂ ਅਸਤੀਫਾ ਦੇਣਾ ਸਾਬਤ ਕਰਦਾ ਹੈ ਕਿ ਉਹਨਾ ਅਸਤੀਫਾ ਦੇ ਕੇ ਸਿਆਸੀ ਤੌਰ 'ਤੇ ਖੁਦਕੁਸ਼ੀ ਕਰ ਲਈ ਹੈ। ਕਿੰਨਾ ਚੰਗਾ ਹੁੰਦਾ ਕਿ ਜੇਕਰ ਧਾਮੀ ਸਾਹਿਬ ਅਸਤੀਫਾ ਦੇਣ ਦੀ ਬਜਾਏ ਅਕਾਲ ਤਖਤ ਦੇ ਹੁਕਮਾਂ ਨੂੰ ਲਾਗੂ ਕਰਦੇ ਤੇ ਬਾਦਲਦਲੀਏ ਉਹਨਾ ਨੂੰ ਦੋ ਤਿਹਾਈ ਮੈਂਬਰਾਂ ਨਾਲ ਲਾਂਭੇ ਕਰਦੇ। ਗਿਆਨੀ ਹਰਪ੍ਰੀਤ ਸਿੰਘ ਨੇ ਅਸਤੀਫਾ ਨਾ ਦੇ ਕੇ ਖੁਦਕਸ਼ੀ ਨਹੀਂ ਕੀਤੀ, ਉਹਨਾ ਸ਼ਹੀਦ ਹੋਣਾ ਠੀਕ ਸਮਝਿਆ ਤੇ ਅੱਜ ਲੋਕ ਉਹਨਾ ਨੂੰ ਪੂਰੇ ਪੰਜਾਬ ਹੀ ਨਹੀਂ, ਸਗੋਂ ਪੰਜਾਬ ਤੋਂ ਬਾਹਰ ਵੀ ਬੁਲਾ ਕੇ ਉਹਨਾ ਦੇ ਪੰਥਕ ਵਿਚਾਰ ਰੱਖਣ ਦਾ ਮੌਕਾ ਦਿੰਦੇ ਹਨ।

ਐਡਵੋਕੇਟ ਧਾਮੀ ਨੂੰ ਅਸਤੀਫਾ ਨਾ ਦੇ ਕੇ ਸਗੋਂ ਸੱਤ ਮੈਂਬਰੀ ਕਮੇਟੀ ਨੂੰ ਮਜ਼ਬੂਤ ਕਰਨ ਦਾ ਕਾਰਜ ਕਰਕੇ ਅਕਾਲ ਤਖਤ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਬਾਦਲ ਦਲ ਦੇ ਆਗੂਆਂ ਖਿਲ਼ਾਫ ਸਖਤ ਕਾਰਵਾਈ ਕਰਨ ਲਈ ਜਥੇਦਾਰ ਅਕਾਲ ਤਖਤ ਨੂੰ ਬੇਨਤੀ ਕਰਨੀ ਚਾਹੀਦੀ ਸੀ, ਪਰ ਉਹਨਾ ਅਸਤੀਫਾ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਪੰਥ ਲਈ ਲੜਨ ਦੀ ਸਮੱਰਥਾ ਨਹੀ

● ਬਾਕੀ ਸਫ਼ਾ 2 'ਤੇ

ਕਾਰੋਬਾਰੀ ਨੇ ਸੁਪਾਰੀ ਦੇ ਕੇ ਕਰਵਾਇਆ ਪਤਨੀ ਦਾ ਕਤਲ

ਲੁਧਿਆਣਾ : ਪੁਲਸ ਨੇ ਲਿਪਸੀ ਮਿੱਤਲ ਦੀ ਹੱਤਿਆ ਦੇ ਦੋਸ਼ਾਂ ਹੇਠ ਵਪਾਰੀ ਅਤੇ 'ਆਪ' ਆਗੂ ਅਨੋਖ ਮਿੱਤਲ ਨੂੰ ਉਸ ਦੀ ਮਹਿਲਾ ਦੋਸਤ ਪ੍ਰਤੀਕਸ਼ਾ ਸਮੇਤ ਗ੍ਰਿਫਤਾਰ ਕਰ ਲਿਆ ਹੈ। ਕੇਸ ਵਿੱਚ ਸੁਪਾਰੀ ਲੈ ਕੇ ਕਤਲ ਕਰਨ ਵਾਲ

18-FEB-PAGE-1.qxd 2/17/2025 9:31 PM Page 2

ਲੰਪੀ ਸਕਿਨ ਦੀ ਬਿਮਾਰੀ ਤੋਂ ਬਚਾਉਣ ਲਈ ਪਸ਼ੂਆਂ ਦੀ ਮੁਫ਼ਤ ਟੀਕਾਕਰਨ ਮੁਹਿੰਮ ਸ਼ੁਰੂ

ਮਾਲੇਰਕੋਟਲਾ (ਅਸਗਰ ਪਰਿਹਾਰ)-ਕੈਬਨਿਟ ਮੰਤਰੀ ਪਸ਼ੂ ਪਾਲਣ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ, ਪ੍ਰਮੁੱਖ ਸਕੱਤਰ ਸ਼੍ਰੀ ਰਾਹੁਲ ਭੰਡਾਰੀ ਦੀਆਂ ਹਦਾਇਤਾਂ ਡਿਪਟੀ ਕਮਿਸ਼ਨਰ ਡਾ.ਪੱਲਵੀ ਦੇ ਦਿਸ਼ਾ-ਨਿਰਦੇਸਾਂ ਤਹਿਤ ਜ਼ਿਲ੍ਹੇ ਭਰ 'ਚ ਲੰਪੀ ਸਕਿਨ ਬਿਮਾਰੀ ਤੋਂ ਗਊਧਨ ਨੂੰ ਬਚਾਉਣ ਲਈ ਮੁਫਤ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਗਈ। ਸੀਨੀਅਰ ਵੈਟਨਰੀ ਅਫਸਰ ਪਸ਼ੂ ਪਾਲਣ ਵਿਭਾਗ ਮਾਲੇਰਕੋਟਲਾ ਡਾ. ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ 37 ਹਜ਼ਾਰ 500 ਗਊਧਨ ਨੂੰ ਘਰ-ਘਰ ਜਾ ਕੇ ਵੈਕਸੀਨੇਸ਼ਨ ਮੁਫਤ ਕੀਤੀ ਜਾਵੇਗੀ। 100 ਪ੍ਰਤੀਸ਼ਤ ਟੀਕਾਕਰਨ ਯਕੀਨੀ ਬਣਾਉਣ ਲਈ ਜ਼ਿਲ੍ਹੇ 'ਚ 18 ਟੀਮਾਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ 'ਚ ਸਾਲ-2022 ਦੌਰਾਨ ਪੰਜਾਬ 'ਚ ਗਾਵਾਂ ਵਿੱਚ ਲੰਪੀ ਸਕਿਨ ਡਜੀਜ਼ ਮਹਾਂਮਾਰੀ ਦਾ ਪ੍ਰਕੋਪ ਦੇਖਣ ਨੂੰ ਮਿਲਿਆ ਸੀ, ਜਿਸ ਦੀ ਰੋਕਥਾਮ ਵਾਸਤੇ ਪੰਜਾਬ ਸਰਕਾਰ ਵੱਲੋਂ ਮਫਤ ਗੋਟ ਪੌਕਸ ਵੈਕਸੀਨ ਸਾਰੀਆਂ ਗਾਵਾਂ ਦੇ ਲਾਈ ਗਈ ਸੀ। ਉਨ੍ਹਾਂ ਹੋਰ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਪਸ਼ੂਧਨ ਦੀ ਰੱਖਿਆ ਲਈ ਵਚਨਬੱਧ ਹੈ ਅਤੇ ਪਸ਼ੂਆਂ ਦੀ ਨਸਲ ਸੁਧਾਰ ਲਈ ਵੀ ਉਚੇਚੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਪਸ਼ੂ ਪਾਲਕਾਂ ਨੂੰ ਅਪੀਲ ਕਿ ਇਹ ਵੈਕਸੀਨ ਨੂੰ ਲਾਉਣ ਵਾਸਤੇ ਪਸ਼ੂ ਪਾਲਣ ਵਿਭਾਗ ਦਾ ਸਹਿਯੋਗ ਕੀਤਾ ਜਾਵੇ ਤਾਂ ਜੁ ਜ਼ਿਲ੍ਹੇ ਦੇ ਪਸ਼ੂਧਨ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਬਾਬਾ ਸਾਹਿਬ ਦੇ ਬੁੱਤ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਹੋਵੇ : ਕਾਂਗੜਾ

ਸੰਗਰੂਰ (ਪ੍ਰਵੀਨ ਸਿੰਘ)-ਬੀਤੇ ਦਿਨੀਂ ਦਿੜ੍ਹਬਾ ਹਲਕੇ ਦੇ ਪਿੰਡ ਬਗਰੋਲ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਬੁੱਤ ਲਗਾਉਣ ਸਮੇਂ ਹੋਏ ਪਥਰਾਅ ਦੌਰਾਨ ਜ਼ਖ਼ਮੀਆਂ ਦੀ ਸਿਹਤ ਦਾ ਹਾਲ ਚਾਲ ਜਾਨਣ ਲਈ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਸਿਵਲ ਹਸਪਤਾਲ ਵਿਖੇ ਪਹੁੰਚੇ।

ਇਸ ਮੌਕੇ ਜੇਰੇ ਇਲਾਜ ਲੋਕਾਂ ਨੇ ਸ਼੍ਰੀ ਦਰਸ਼ਨ ਕਾਂਗੜਾ ਨੂੰ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਜੀ ਦਾ ਬੁੱਤ ਲਗਾਉਣਾ ਚਾਹੁੰਦੇ ਹਨ, ਜਿਸ ਸਬੰਧੀ ਉਨ੍ਹਾਂ ਖਾਲੀ ਪਈ ਸ਼ਾਮਲਾਟ ਜਗ੍ਹਾ ਦਾ ਪੰਚਾਇਤ ਵੱਲੋਂ ਬੁੱਤ ਲਗਾਉਣ ਲਈ ਮਤਾ ਪਾਸ ਕਰਵਾ ਕੇ ਅਤੇ ਕਥਿਤ ਤੌਰ 'ਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਮੌਕਾ ਦਿਖਾਉਣ ਉਪਰੰਤ ਬਾਬਾ ਸਾਹਿਬ ਜੀ ਦਾ ਬੁੱਤ ਲਗਾ ਰਹੇ ਸਨ। ਪਰੰਤੂ ਪਿੰਡ ਦੇ ਕੁੱਝ ਲੋਕਾਂ ਵੱਲੋਂ ਗੁੰਡਾਗਰਦੀ ਕਰਦਿਆਂ ਜਿੱਥੇ ਉਨ੍ਹਾਂ ਦੇ ਇੱਟਾਂ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ ਉਥੇ ਹੀ ਦੂਜੇ ਪਾਸੇ ਉਨ੍ਹਾਂ ਵੱਲੋਂ ਬਾਬਾ ਸਾਹਿਬ ਜੀ ਦੇ ਬੁੱਤ ਨੂੰ ਵੀ ਕਥਿਤ ਨੁਕਸਾਨ ਪਹੁੰਚਾਉਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਨੂੰ ਉਹ ਹਰਗਿਜ਼ ਵੀ ਬਰਦਾਸ਼ਤ ਨਹੀਂ ਕਰਨਗੇ ਇਸ ਮੌਕੇ ਸ਼੍ਰੀ ਦਰਸ਼ਨ ਕਾਂਗੜਾ ਨੇ ਜੇਰੇ ਇਲਾਜ਼ ਲੋਕਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਉਨ੍ਹਾਂ ਨਾਲ ਖੜ੍ਹਾ ਹੈ। ਬਾਬਾ ਸਾਹਿਬ ਪ੍ਰਤੀ ਨਫ਼ਰਤ ਰੱਖਣ ਵਾਲੇ ਅਜਿਹੇ ਅਨਸਰਾਂ ਨੂੰ ਸਜ਼ਾ ਦਿਵਾਉਣ ਲਈ ਜੇਕਰ ਕੋਈ ਵੱਡਾ ਸੰਘਰਸ਼ ਕਰਨਾ ਪਿਆ ਤਾਂ ਉਹ ਪਿੱਛੇ ਨਹੀਂ ਹਟਣਗੇ ਇਸ ਮੌਕੇ ਸ਼੍ਰੀ ਦਰਸ਼ਨ ਕਾਂਗੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਰੋਜ਼ ਘਟ ਰਹੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਇਹਨਾਂ ਖਿਲਾਫ਼ ਸਖ਼ਤ ਕਾਰਵਾਈ ਕਰੇ ਅਜਿਹੇ ਲੋਕ ਜਿੱਥੇ ਸਾਡੀ ਆਪਸੀ ਭਾਈਚਾਰਕ ਸਾਂਝ ਨੂੰ ਖ਼ਤਮ ਕਰ ਰਹੇ ਹਨ ਉਥੇ ਹੀ ਉਹ ਸਾਡੇ ਪੰਜਾਬ ਦਾ ਵੀ ਮਹੌਲ ਖ਼ਰਾਬ ਕਰ ਰਹੇ ਹਨ ਅਜਿਹੇ ਮਾੜੇ ਲੋਕਾਂ ਨੂੰ ਨੱਥ ਪਾਉਣੀ ਅਤਿ ਜ਼ਰੂਰੀ ਹੈ ਇਸ ਮੌਕੇ ਸ਼੍ਰੀ ਦਰਸ਼ਨ ਕਾਂਗੜਾ ਨਾਲ ਸੁਖਪਾਲ ਸਿੰਘ ਭੱਮਾਬੱਦੀ ਜ਼ਿਲ੍ਹਾ ਪ੍ਰਧਾਨ ਸੰਗਰੂਰ ਆਦਿ ਹਾਜ਼ਰ ਸਨ।

'ਬੇਗਮਪੁਰਾ ਸਹਰ ਕੋ ਨਾਉਂ' 23 ਨੂੰ ਹੋਵੇਗੀ ਲੋਕ ਅਰਪਣ

ਸੰਗਰੂਰ (ਪ੍ਰਵੀਨ ਸਿੰਘ)-ਮਾਲਵਾ ਲਿਖਾਰੀ ਸਭਾ ਸੰਗਰੂਰ ਦਾ ਮਹੀਨਾਵਾਰ ਸਾਹਿਤਕ ਸਮਾਗਮ 23 ਫ਼ਰਵਰੀ ਨੂੰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਹੋ ਰਿਹਾ ਹੈ, ਜਿਸ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਲੇਖਕ ਅਤੇ ਚਿੰਤਕ ਡਾ: ਮੇਵਾ ਰਾਮ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈਸ ਸਕੱਤਰ ਪਵਨ ਕੁਮਾ ਹੋਸ਼ੀ ਨੇ ਦੱਸਿਆ ਕਿ ਸਮਾਗਮ ਦੇ ਆਰੰਭ ਵਿਚ ਇੱਕ ਘੰਟਾ ਕਵਿਤਾ ਸਕੂਲ ਹੋਵੇਗਾ ਅਤੇ 11:00 ਵਜੇ ਨਾਮਵਰ ਲੇਖਕ ਪੰਮੀ ਫੱਗੂਵਾਲੀਆ ਦੀ ਖੋਜ ਪੁਸਤਕ "ਬੇਗਮਪੁਰਾ ਸਹਰ ਕੋ ਨਾਉਂ" ਲੋਕ ਅਰਪਣ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਬਾਰਾਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪੁਸਤਕ ਸਬੰਧੀ ਪਰਚਾ ਉਘੇ ਲੇਖਕ ਅਤੇ ਆਲੋਚਕ ਡਾ: ਮਨਜਿੰਦਰ ਸਿੰਘ ਪੜ੍ਹਨਗੇ। ਸ਼੍ਰੀ ਹੋਸ਼ੀ ਨੇ ਦੱਸਿਆ ਕਿ ਇਸ ਮੌਕੇ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫ਼ਲਸਫ਼ੇ ਸਬੰਧੀ ਗੋਸ਼ਟੀ ਵੀ ਕਰਵਾਈ ਜਾਵੇਗੀ। ਬਸੰਤ ਰੁੱਤ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ। ਜਿਸ ਵਿਚ 11:00 ਵਜੇ ਤੱਕ ਹੀ ਪਹੁੰਚਣ ਵਾਲੇ ਕਵੀ ਸਾਹਿਬਾਨ ਹੀ ਕਵਿਤਾ ਪੇਸ਼ ਕਰ ਸਕਣਗੇ।

ਸ਼ੈਲਰ ਮਾਲਕਾਂ ਦੀ ਮੁਸ਼ਕਲ ਦਾ ਛੇਤੀ ਹੋਵੇਗਾ ਹੱਲ : ਮੀਨਾਕਸ਼ੀ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸ਼ੈਲਰ ਮਾਲਕਾਂ ਦਾ ਅਨਾਜ ਭੰਡਾਰ ਕਰਨ ਵਿੱਚ ਅਹਿਮ ਯੋਗਦਾਨ ਹੁੰਦਾ ਹੈ ਅਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਸ਼ੈਲਰ ਮਾਲਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਂਦਾ ਹੈ। ਇਹ ਜਾਣਕਾਰੀ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸ਼੍ਰੀਮਤੀ ਮੀਨਾਕਸ਼ੀ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਬ ਡਵੀਜ਼ਨ ਅਮਲੋਹ ਦੇ ਸ਼ੈਲਰ ਮਾਲਕਾਂ ਨੂੰ ਚਾਵਲ ਸਟੋਰ ਕਰਨ ਲਈ ਜੋ ਮੁਸ਼ਕਲ ਪੇਸ਼ ਆ ਰਹੀ ਹੈ, ਉਸ ਦੇ ਹੱਲ ਲਈ ਮਾਰਕਫੈੱਡ ਵੱਲੋਂ ਆਪਣੇ ਗੋਦਾਮ ਨੰਬਰ 7 ਤੇ 8 ਵਿੱਚ ਚਾਵਲ ਸਟੋਰ ਕਰਨ ਲਈ ਸ਼ੈਲਰ ਮਾਲਕਾਂ ਨੂੰ ਜਗ੍ਹਾ ਦਿੱਤੀ ਗਈ ਹੈ, ਜਿਥੇ ਕਿ 5000 ਟਨ ਚਾਵਲ ਸਟੋਰ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪਨਗ੍ਰੇਨ ਵੱਲੋਂ ਵੀ ਸ਼ੈਲਰ ਮਾਲਕਾਂ ਨੂੰ ਆਪਣੀ ਜਗ੍ਹਾ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕਾਂ ਨੂੰ ਜਿਹੜੇ ਗੋਦਾਮ ਦੇਣ ਸਬੰਧੀ ਕਿਹਾ ਗਿਆ ਹੈ। ਉਨ੍ਹਾਂ ਗੋਦਾਮਾਂ ਵਿੱਚ ਮਾਮੂਲੀ ਰਿਪੇਅਰ ਦਾ ਕੰਮ ਚੱਲ ਰਿਹਾ ਹੈ, ਜੋ ਕਿ ਆਉਂਦੇ ਦਿਨਾਂ ਵਿੱਚ ਮੁਕੰਮਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼ੈਲਰ ਮਾਲਕਾਂ ਨੂੰ ਚਾਵਲ ਸਟੋਰ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਨੇ ਦੱਸਿਆ ਕਿ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਵਿਭਾਗ ਵੱਲੋਂ ਸ਼ੈਲਰਾਂ ਵਿੱਚ ਝੋਨਾ ਰਖਵਾਇਆ ਗਿਆ ਸੀ ਅਤੇ ਹੁਣ ਸ਼ੈਲਰ ਮਾਲਕਾਂ ਵੱਲੋਂ ਐਫ.ਸੀ.ਆਈ. ਨੂੰ ਚਾਵਲ ਦੇਣ ਹਿੱਤ ਝੋਨਾ ਚੁੱਕਣ ਸਬੰਧੀ ਕਿਹਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸ਼ੈਲਰ ਮਾਲਕਾਂ ਦੀ ਇਸ ਸਮੱਸਿਆ ਦਾ ਹੱਲ ਕਰਨ ਲਈ ਵਿਭਾਗ ਨੂੰ ਤੁਰੰਤ ਕਾਰਵਾਈ ਕਰਨ ਲਈ ਕਿਹਾ ਗਿਆ ਹੈ ਜਿਸ ਨੂੰ ਮੁੱਖ ਰੱਖਦੇ ਹੋਏ ਸ਼ੈਲਰ ਮਾਲਕਾਂ ਦਾ ਚਾਵਲ ਸਟੋਰ ਕਰਨ ਲਈ ਵਿਭਾਗ ਵੱਲੋਂ ਹੋਰ ਜਗ੍ਹਾਂ ਦੇਣ ਸਬੰਧੀ ਕਾਰਵਾਈ ਵੀ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਜ਼ਿਲ੍ਹੇ ਦੇ ਸ਼ੈਲਰ ਮਾਲਕਾਂ ਦੀ ਸਹੂਲਤ ਲਈ ਹੋਰ ਜਗ੍ਹਾਂ ਦੇਣ ਸਬੰਧੀ ਵੀ ਕਾਰਵਾਈ ਕੀਤੀ ਜਾ ਰਹੀ ਹੈ ਤਾਂ ਜੋ ਸ਼ੈਲਰ ਮਾਲਕਾਂ ਨੂੰ ਚਾਵਲ ਸਟੋਰ ਕਰਨ ਵਿੱਚ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।

ਦਿੱਲੀ ਪਬਲਿਕ ਸਕੂਲ 'ਚ ਵਿੰਟਰ ਕਾਰਨੀਵਲ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਦਿੱਲੀ ਪਬਲਿਕ ਸਕੂਲ ਕਿੰਡਰ ਗਾਰਟਨ ਵਿਖੇ ਵਿੰਟਰ ਕਾਰਨੀਵਲ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਬੱਚਿਆਂ ਤੋਂ ਇਲਾਵਾ ਉਨ੍ਹਾਂ ਦੇ ਮਾਪਿਆਂ ਨੇ ਉਤਸ਼ਾਹ ਨਾਲ ਭਾਗ ਲਿਆ। ਸਕੂਲ ਵਲੋਂ ਬੱਚਿਆਂ ਲਈ ਵੱਖ-ਵੱਖ ਤਰ੍ਹਾਂ ਦੇ ਝੂਲੇ ਤੇ ਜੁਆਏ ਰਾਇਡਜ ਲਾਏ ਗਏ, ਜਿਸ ਵਿੱਚ ਘੋੜ ਸਵਾਰੀ, ਊਠ ਅਤੇ ਖਿਡੌਣਾ ਟਰੇਨ ਦੀ ਸਵਾਰੀ ਦਾ ਭਰਪੂਰ ਆਨੰਦ ਲਿਆ। ਮਾਪਿਆਂ ਤੇ ਬੱਚਿਆਂ ਨੇ ਬਹੁਤ ਸਾਰੀਆਂ ਦਿਲਚਸਪ ਖੇਡਾਂ ਅਤੇ ਗਤੀਵਿਧੀਆਂ ਵਿਚ ਵੀ ਹਿੱਸਾ ਲਿਆ, ਜਿਸ ਵਿਚ ਬੇਬੀ ਸ਼ੋਅ, ਰੰਗੋਲੀ, ਫੈਂਸੀ ਡਰੈੱਸ ਤੇ ਥੰਬ ਪੇਂਟਿੰਗ ਮੁਕਾਬਲੇ ਮੁੱਖ ਆਕਰਸ਼ਣ ਦਾ ਕੇਂਦਰ ਰਹੇ। ਬੇਬੀ ਸ਼ੋਅ ਦੌਰਾਨ 2 ਸਾਲ ਤੱਕ ਦੇ ਮੁਕਾਬਲਿਆਂ 'ਚ ਮਹਿਤਾਬ ਕੌਰ ਨੇ ਪਹਿਲਾ, 3 ਸਾਲਾਂ ਮੁਕਾਬਲੇ 'ਚ ਮਹਿਰਾਂਸ਼ ਲੂਥਰਾ ਨੇ ਪਹਿਲਾ ਅਤੇ ਥੰਬ ਪੇਂਟਿੰਗ ਮੁਕਾਬਲੇ 'ਚ ਰੋਜ਼ੀ ਮਹਿਤਾ ਨੇ ਪਹਿਲਾ ਸਥਾਨ, ਕਲਰ ਮੁਕਾਬਲੇ 'ਚ ਸਵਰੀਨ ਕੌਰ ਨੇ ਪਹਿਲਾ, ਫੈਂਸੀ ਡਰੈੱਸ ਮੁਕਾਬਲੇ 'ਚ ਇਵਾਨ ਅਤੇ 5 ਸਾਲਾਂ ਦੇ ਸ਼ਿਵਾਂਸ਼ ਸ਼ਰਮਾ ਨੇ ਪਹਿਲਾ, ਡਾਂਸ ਮੁਕਾਬਲੇ 'ਚ ਰਵੇਇਆ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਡੀ.ਪੀ.ਐੱਸ. ਕੇ.ਜੀ. ਇਨ੍ਹਾਂ ਮੁਕਾਬਲਿਆਂ 'ਚ ਵੱਖ-ਵੱਖ ਵਰਗਾਂ 'ਚ ਨੇੜਲੇ ਸਕੂਲਾਂ ਦੇ ਵਿਦਿਆਰਥੀਆਂ ਨੇ ਵੀ ਵੱਧ ਤੋਂ ਵੱਧ ਭਾਗ ਲਿਆ। ਉੱਭਰਦੇ ਸਿਤਾਰਿਆਂ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਚੁਣੇ ਗਏ ਵਿਸ਼ਿਆਂ ਨੇ ਜੱਜਾਂ ਤੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਲਗਾਏ ਸੁਆਦੀ ਭੋਜਨ ਸਟਾਲਾਂ ਦਾ ਸਭ ਨੇ ਭਰਪੂਰ ਆਨੰਦ ਲਿਆ। ਚੇਅਰਮੈਨ ਡੀ.ਐੱਸ. ਬੈਂਸ ਨੇ ਇਸ ਕਾਰਨੀਵਲ ਨੂੰ ਸਫਲ ਬਣਾਉਣ ਲਈ ਸਮੁੱਚੇ ਡੀ.ਪੀ.ਐੱਸ. ਸਟਾਫ਼ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਕਿਹਾ ਕਿ ਸਕੂਲ 'ਚ ਕਾਰਨੀਵਲ ਹਰ ਸਾਲ ਕਰਾਇਆ ਜਾਵੇਗਾ।

ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ 12 ਮੁਕੱਦਮੇ ਦਰਜ, 14 ਵਿਅਕਤੀ ਗ੍ਰਿਫ਼ਤਾਰ : ਐੱਸ ਐੱਸ ਪੀ

ਸੰਗਰੂਰ (ਪ੍ਰਵੀਨ ਸਿੰਘ)-ਐਸ.ਐਸ.ਪੀ. ਸ੍ਰੀ ਸਰਤਾਜ ਸਿੰਘ ਚਾਹਲ ਵੱਲੋਂ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ਿਆਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ 01.02.2025 ਤੋਂ 14.02.2025 ਤੱਕ ਡਰੱਗ ਦੇ 08 ਮੁਕੱਦਮੇ ਦਰਜ ਕਰਕੇ 10 ਕਥਿਤ ਦੋਸ਼ੀ ਕਾਬੂ ਕਰਕੇ 77 ਗ੍ਰਾਮ ਹੈਰੋਇਨ, 10 ਕਿੱਲੋ ਭੁੱਕੀ ਚੂਰਾ ਪੋਸਤ, 450 ਗ੍ਰਾਮ ਅਫੀਮ, 2060 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਾਈਆਂ ਗਈਆਂ।ਉਨ੍ਹਾਂ ਦੱਸਿਆ ਕਿ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 04 ਮੁਕੱਦਮੇ ਦਰਜ ਕਰਕੇ 04 ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ 36 ਲੀਟਰ ਸਰਾਬ ਠੇਕਾ ਦੇਸੀ, 15 ਲੀਟਰ ਸ਼ਰਾਬ ਨਜਾਇਜ ਬ੍ਰਾਮਦ ਕਰਵਾਈ ਗਈ।ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 01 ਮੁਕੱਦਮਾ ਦਰਜ ਕਰਕੇ 02 ਕਥਿਤ ਦੋਸ਼ੀ ਕਾਬੂ ਕੀਤੇ ਤੇ 03 ਪਿਸਟਲ/ਰਿਵਾਲਵਰ ਸਮੇਤ 06 ਮੈਗਜੀਨ ਬਰਾਮਦ ਕਰਾਏ ਗਏ। ਐਸਐਸਪੀ ਸ਼੍ਰੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ 05.02.2025 ਨੂੰ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਛੇਵੀਂ ਐਂਟੀ ਡਰੱਗ ਅਵੇਅਰਨੈਸ ਕੰਪੇਨ ਤਹਿਤ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਵਿਖੇ ਪੰਜਾਬ ਪੱਧਰ ਦੀ ਜੂਨੀਅਰ ਅਥਲੈਟਿਕਸ ਮੀਟ ਕਰਾਈ ਗਈ, ਜਿਸ ਵਿੱਚ 845 ਤੋਂ ਵੱਧ ਅਥਲੀਟਸ ਨੇ ਭਾਗ ਲਿਆ।ਉਨ੍ਹਾਂ ਦੱਸਿਆ ਕਿ 08.02.2025 ਨੂੰ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਪਿਛਲੇ ਮਹੀਨਿਆਂ ਦੌਰਾਨ ਸ਼ਾਨਦਾਰ ਪੁਲਿਸ ਸੇਵਾਵਾਂ ਨਿਭਾਉਣ ਸਬੰਧੀ 11 ਗਜਟਿਡ ਅਫਸਰਾਨ ਨੂੰ ਐਪਰੀਸ਼ੀਏਸ਼ਨ ਲੈਟਰ, 72 ਅਧਿਕਾਰੀਆਂ/ਕਰਮਚਾਰੀਆਂ ਨੂੰ ਡੀ.ਜੀ.ਪੀ ਡਿਸਕਾਂ, 1800 ਕ੍ਰਮਚਾਰੀਆਂ ਨੂੰ ਪ੍ਰਸੰਸਾ ਪੱਤਰ ਦਰਜਾ ਪਹਿਲਾ ਸਮੇਤ 21,00,000/- ਰੁਪਏ ਨਕਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਸ਼੍ਰੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ 09.02.2025 ਨੂੰ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਸ਼ਹਿਰ ਸੰਗਰੂਰ ਵਿਖੇ ਹੋਈ ਚੋਰੀ ਦੀ ਵਾਰਦਾਤ ਨੂੰ 24 ਘੰਟਿਆਂ ਅੰਦਰ ਟਰੇਸ ਕਰਕੇ 04 ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਤੇ ਉਨ੍ਹਾਂ ਪਾਸੋਂ ਚੋਰੀਸ਼ੁਦਾ ਸਮਾਨ ਬਰਾਮਦ ਕਰਾਇਆ ਗਿਆ। ਐਸਐਸਪੀ ਵੱਲੋਂ ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰ ਪੁਰਸ਼ਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜ

18-Feb-PAGE-3.qxd 2/17/2025 11:12 PM Page 1

ਓ ਐੱਸ ਟੀ ਸੈਂਟਰ ਦੇ ਮੁਲਾਜ਼ਮ ਸੀਨੀਅਰ ਤੋਂ ਤੰਗ ਆ ਕੇ ਹੜਤਾਲ 'ਤੇ ਬੈਠੇ

ਮਾਹਿਲਪੁਰ (ਸਫ਼ਰੀ)

ਓ ਐਸ ਟੀ ਸੈਂਟਰ ਦੇ ਮੁਲਾਜ਼ਮਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਜੋ ਕਿ ਡਾਕਟਰ ਪਰਮਜੀਤ ਕੌਰ ਦੇ ਮੁਲਾਜ਼ਮਾਂ ਪ੍ਰਤੀ ਬਹੁਤ ਹੀ ਮਾੜੇ ਰਵਈਏ ਨੂੰ ਲੈ ਕੇ ਕੀਤੀ ਗਈ। ਇਸ ਸਬੰਧੀ ਕੌਂਸਲਰ ਅਵਤਾਰ ਸਿੰਘ, ਸਟਾਫ ਨਰਸ ਜਸਜੀਤ ਕੌਰ, ਡਾਟਾ ਐਂਟਰੀ ਆਪਰੇਟਰ ਮਨੀਸ਼ਾ ਵਲੋਂ ਦੱਸਿਆ ਗਿਆ ਕਿ ਡਾਕਟਰ ਪਰਮਜੀਤ ਕੌਰ ਵੱਲੋਂ ਸਮੂਹ ਸਟਾਫ ਨੂੰ ਪਿਛਲੇ ਲੰਮੇ ਸਮੇਂ ਤੋਂ ਜਲੀਲ ਅਤੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਡਾਕਟਰ ਵੱਲੋਂ ਲਗਾਤਾਰ ਸਟਾਫ ਤੋਂ ਗਲਤ ਕੰਮ ਕਰਵਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ।ਉਨਾਂ ਦੀ ਨਿੱਜੀ ਜ਼ਿੰਦਗੀ ਦੀ ਸਟਾਫ ਮੈਂਬਰਾਂ ਤੋਂ ਜਸੂਸੀ ਕਰਵਾਈ ਜਾ ਰਹੀ ਹੈ ਅਤੇ ਮੁਲਾਜ਼ਮਾਂ ਸਮੇਤ ਇਲਾਜ ਲਈ ਆਏ ਮਰੀਜ਼ਾਂ ਨਾਲ ਗੰਦੀ ਭਾਸ਼ਾ ਦੀ ਵਰਤੋਂ ਕੀਤੀ ਜਾ ਰਹੀ ਹੈ। ਓ ਐਸ ਟੀ ਸਟਾਫ ਦੇ ਮੁਲਾਜ਼ਮਾਂ ਦੀ ਏ ਸੀ ਆਰ ਖਰਾਬ ਕਰਨ ਅਤੇ ਨੌਕਰੀ ਤੋਂ ਕਢਵਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਸਬੰਧੀ ਓ ਐਸ ਟੀ ਸੈਂਟਰ ਦੇ ਮੁਲਾਜ਼ਮ ਵੱਲੋਂ ਪਹਿਲਾਂ ਵੀ ਕਈ ਵਾਰ ਉਚ ਅਧਿਕਾਰੀਆਂ ਨੂੰ ਲਿਖਤੀ ਅਤੇ ਜਬਾਨੀ ਤੌਰ ਦੱਸਿਆ ਜਾ ਚੁੱਕਾ ਹੈ। ਡਾਕਟਰ ਪਰਮਜੀਤ ਕੌਰ ਆਪ ਖੁਦ ਕਦੇ ਵੀ ਸਮੇਂ ਸਿਰ ਡਿਊਟੀ 'ਤੇ ਨਹੀਂ ਆਈ ਅਤੇ ਨਾ ਹੀ ਮਰੀਜ਼ਾਂ ਦੀਆਂ ਫਾਈਲਾਂ ਚੈੱਕ ਕਰਦੀ ਹੈ । ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਬਲਾਕ ਮਾਹਿਲਪੁਰ ਦੇ ਜਨਰਲ ਸਕੱਤਰ ਮੱਖਣ ਸਿੰਘ ਲੰਗੇਰੀ, ਮਲਕੀਤ ਸਿੰਘ ਬਾਹੋਵਾਲ, ਅਮਰਜੀਤ ਕੁਮਾਰ ਨੇ ਓ ਐਸ ਟੀ ਸੈਂਟਰ ਦੇ ਮੁਲਾਜ਼ਮਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਅਸੀਂ ਪਹਿਲਾਂ ਵੀ ਇਸ ਡਾਕਟਰ ਦਾ ਮੁਲਾਜਮਾਂ ਨਾਲ ਕਈ ਵਾਰ ਅਧਿਕਾਰੀਆਂ ਨਾਲ ਮਿਲ ਕੇ ਸਮਝੌਤਾ ਕਰਵਾਇਆ ਪ੍ਰੰਤੂ ਇਸ ਡਾਕਟਰ ਨੇ ਆਪਣੀ ਗਲਤ ਭਾਸ਼ਾ ਦਾ ਬਦਲਣ ਵਤੀਰਾ ਨਹੀਂ ਬਦਲਿਆ। ਪ ਸ ਸ ਫ ਦੇ ਆਗੂਆਂ ਨੇ ਕਿਹਾ ਕਿ ਉਹ ਓ ਐਸ ਟੀ ਸਟਾਫ ਦੀ ਏ ਸੀ ਆਰ ਕਿਸੇ ਹੋਰ ਡਾਕਟਰ ਲਿਖਵਾਈ ਜਾਵੇ ਅਤੇ ਇਸ ਡਾਕਟਰ ਦੀ ਤੁਰੰਤ ਮਾਹਿਲਪੁਰ ਤੋਂ ਬਦਲੀ ਕੀਤੀ ਜਾਵੇ। ਜੇਕਰ ਦੋ ਦਿਨਾਂ ਅੰਦਰ ਮਸਲਾ ਹੱਲ ਨਾ ਹੋਇਆ ਤਾਂ ਜਥੇਬੰਦੀ ਵੱਲੋਂ ਤਿੱਖਾ ਐਕਸ਼ਨ ਕੀਤਾ ਜਾਵੇਗਾ।ਬਰਾਂਚ ਮਾਲਪੁਰ ਦੇ ਤਿੰਨ ਸਕੱਤਰ ਗੁਰਨਾਮ ਚੰਦਸੀਹਾ ਪੈਰਾਮੈਡੀਕਲ ਆਗੂ ਅਵਤਾਰ ਸਿੰਘ, ਪਰਮਿੰਦਰ ਸਿੰਘ ,ਕਮਲਜੀਤ ਕੌਰ, ਅਜਵਿੰਦਰ ਕੌਰ ,ਨੀਲਮ ,ਸਰਵਨ ਸਿੰਘ, ਗੁਰਮੀਤ ਸਿੰਘ ਅਤੇ ਪ ਸ ਸ ਫ ਦੇ ਸਤਪਾਲ ਪਾਲ, ਗੁਰਿੰਦਰ ਸਿੰਘ ਅਤੇ ਇਲਾਜ ਅਧੀਨ ਮਰੀਜ਼ ਨੀਰਵ ,ਲਾਭ ਕੁਮਾਰ ,ਸੋਨੂ, ਸਿੰਦਰਪਾਲ ,ਗੁਲਸ਼ਨ ਸਮੇਤ ਕਈ ਹੋਰ ਲੋਕ ਹਾਜ਼ਰ ਸਨ।

ਖਾਲਸਾ ਕਾਲਜ ਆਫ ਐਜੂਕੇਸ਼ਨ ਵਿਖੇ ਬਸੰਤ ਸੰਬੰਧੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ

ਅੰਮ੍ਰਿਤਸਰ, (ਜਸਬੀਰ ਸਿੰਘ, ਕੰਵਲਜੀਤ ਸਿੰਘ)—ਖ਼ਾਲਸਾ ਕਾਲਜ ਆਫ ਐਜੂਕੇਸ਼ਨ ਜੀ. ਟੀ. ਰੋਡ ਵਿਖੇ ਬਸੰਤ ਤਿਉਹਾਰ ਨੂੰ ਸਬੰਧਿਤ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ।ਕਾਲਜ ਦੇ ਡੀਨ ਡਾ: ਖੁਸ਼ਵਿੰਦਰ ਕੁਮਾਰ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਪ੍ਰੋਗਰਾਮ 'ਚ ਵਿਦਿਆਰਥੀਆਂ ਨੇ ਵੱਖ—ਵੱਖ ਸੱਭਿਆਚਾਰਕ ਗਤੀਵਿਧੀਆਂ 'ਚ ਭਾਗ ਲੈ ਕੇ ਬਸੰਤ ਦੇ ਤਿਉਹਾਰ ਦੀਆਂ ਖੁਸ਼ੀਆਂ ਨੂੰ ਸਾਂਝਾ ਕੀਤਾ।ਇਸ ਮੌਕੇ ਡਾ: ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੁੱਤਾਂ ਨਾਲ ਸੰਬੰਧਤ ਇਹ ਪ੍ਰਾਚੀਨ ਤਿਉਹਾਰ ਖੁਸ਼ੀਆਂ, ਸਾਕਾਰਾਤਮਕ ਪ੍ਰਵਿਰਤੀਆਂ ਅਤੇ ਬਹਾਰ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਕਾਲਜ ਵਿਖੇ ਪ੍ਰਾਚੀਨ ਤਿਉਹਾਰਾਂ ਨੂੰ ਮਨਾਉਣ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਸੱਭਿਆਚਾਰ ਅਤੇ ਸੰਸਕ੍ਰਿਤੀ ਨਾਲ ਜੋੜੇ ਰੱਖਣਾ ਹੈ।ਵਿਦਿਆਰਥੀਆਂ ਨੇ ਕਾਲਜ ਦੇ ਅਸਿਸਟੈਂਟ ਪ੍ਰੋ: ਪੂਨਮਪ੍ਰੀਤ ਕੌਰ, ਡਾ: ਬਲਜੀਤ ਕੌਰ, ਡਾ: ਅਵਨੀਤ ਕੌਰ ਅਤੇ ਪੂਜਾ ਸ਼ਰਮਾ ਦੀ ਯੋਗ ਅਗਵਾਈ 'ਚ ਪਤੰਗਬਾਜ਼ੀ ਮੁਕਾਬਲਾ ਅਤੇ ਦਸਤਾਰ ਸਜਾਉਣ ਦੇ ਮੁਕਾਬਲੇ 'ਚ ਹਿੱਸਾ ਲਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਦੁਆਰਾ ਰੰਗਾਰੰਗ

ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਲਾਇਬਰੇਰੀਅਨ ਕੀਰਤੀ ਸੋਨੀਆਂ ਨੇ ਕਿਹਾ ਕਿ ਅਜਿਹੇ ਸਮਾਗਮਾਂ ਦੀ ਬਹੁਤ ਸਖਤ ਲੋੜ ਹੈ।ਪ੍ਰੋਗਰਾਮ ਦੇ ਅੰਤ 'ਚ ਡਾ: ਕੁਮਾਰ ਨੇ ਵਾਈਸ ਪ੍ਰਿੰਸੀਪਲ ਡਾ: ਨਿਰਮਲਜੀਤ ਕੌਰ ਨਾਲ ਮਿਲ ਕੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।ਇਸ ਪ੍ਰੋਗਰਾਮ ਦੌਰਾਨ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਖੇਤ 'ਚ ਛੁਪਾ ਕੇ ਰੱਖੀ 3 ਡਰੰਮੀਆਂ ਲਾਹਣ ਬਰਾਮਦ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਕਲਾਨੌਰ ਦੇ ਏ. ਐੱਸ. ਆਈ. ਹਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਅਤੇ ਬੀ. ਐੱਸ. ਐੱਫ਼. ਕਰਮਚਾਰੀਆਂ ਦਾ ਸਰਚ ਉਪਰੇਸ਼ਨ ਚੱਲ ਰਿਹਾ ਸੀ ਕਿ ਦੌਰਾਨੇ ਸਰਚ ਮੁੱਖਾ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਦੋਸਤਪੁਰ ਬਾਹੱਦ ਦੇ ਖੇਤ ਵਿੱਚੋਂ ਕਿਸੇ ਨਾਮਲੂਮ ਵਿਅਕਤੀ ਵੱਲੋਂ ਛੁਪਾ ਕੇ ਰੱਖੀਆਂ 03 ਡਰੰਮੀਆ ਬਰਾਮਦ ਹੋਈਆਂ, ਚੈੱਕ ਕਰਨ 'ਤੇ ਡਰੰਮੀਆਂ ਵਿੱਚੋਂ 75 ਲੀਟਰ ਲਾਹਣ ਬਰਾਮਦ ਹੋਈ ਹੈ। ਡਰੰਮੀਆਂ ਲਾਗੇ ਇੱਕ ਗੈਸ ਸਿਲੰਡਰ, ਇੱਕ ਪਲਾਸਟਿਕ ਪਾਇਪ, ਤਿੰਨ ਬਾਲਟੀਆਂ ਅਤੇ ਇੱਕ ਬਾਲਟਾ ਬਰਾਮਦ ਹੋਇਆ ਹੈ। ਥਾਣਾ ਕਲਾਨੌਰ ਪੁਲਸ ਨੇ ਉਕਤ ਸਾਰੇ ਸਾਮਾਨ ਨੂੰ ਕਬਜ਼ੇ ਵਿਚ ਲੈ ਕੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਸ਼ੋਅ ਰੂਮ ਦੇ ਬਾਹਰ ਰਾਤ ਨੂੰ ਖੜ੍ਹੀ ਕਾਰ ਚੋਰੀ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਸ਼ੋਅ ਰੂਮ ਦੇ ਬਾਹਰ ਖੜੀ ਕੀਤੀ ਕਾਰ ਦੇ ਚੋਰੀ ਹੋਣ 'ਤੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲ ਦਰਜ ਕੀਤਾ ਗਿਆ ਹੈ। ਏਐੱਸਆਈ ਅਜੇ ਰਾਜਨ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਪੁੱਤਰ ਰਵਿੰਦਰ ਪਾਲ ਸਿੰਘ ਵਾਸੀ ਅੰਮ੍ਰਿਤਸਰ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ 15 ਫਰਵਰੀ ਨੂੰ ਮੈਂ ਗੁਰਦਾਸਪੁਰ ਆਪਣੇ ਪਰਿਵਾਰ ਦੇ ਪ੍ਰੋਗਰਾਮ ਵਿੱਚ ਆਇਆ ਸੀ ਅਤੇ ਰਾਤ 12 ਵਜੇ ਸ਼ੋਅ ਰੂਮ ਜੀ. ਟੀ. ਰੋਡ ਗੁਰਦਾਸਪੁਰ ਦੇ ਸਾਹਮਣੇ ਆਪਣੀ ਕਾਰ ਸਵਿਫਟ ਨੰਬਰ ਪੀਬੀ 02.ਸੀ.ਏ.4024 ਬਾਹਰ ਖੜੀ ਕੀਤੀ ਸੀ ਜਿਸ ਨੂੰ ਕੋਈ ਨਾ-ਮਾਲੂਮ ਚੋਰ ਚੋਰੀ ਕਰਕੇ ਲੈ ਗਏ ਹਨ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਕਾਰ ਚੋਰੀ ਕਰਨ ਵਾਲੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਬੈਂਕਫਿੰਕੋ ਨੇ ਸਸਤੀ ਵਿਆਜ ਦਰ 'ਤੇ ਕਰਜ਼ਿਆਂ ਬਾਰੇ ਦਿੱਤੀ ਜਾਣਕਾਰੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਪੰਜਾਬ ਪੱਛੜੀਆਂ ਸ਼੍ਰੇਣੀਆਂ ਭੰਡੋ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ) ਅਤੇ ਰਾਸ਼ਟਰੀ ਘੱਟ ਗਿਣਤੀ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਐੱਨ.ਐਮ.ਡੀ.ਐਫ.ਸੀ) ਦੇ ਸਹਿਯੋਗ ਨਾਲ ਪਿੰਡ ਬਜਵਾੜਾ ਕਲਾਂ ਵਿਖੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਸਸਤੇ ਵਿਆਜ ਦਰ੍ਹਾਂ 'ਤੇ ਕਰਜ਼ਾ ਮੁਹੱਈਆਂ ਕਰਵਾਉਣ ਅਤੇ ਹੋਰ ਸਕੀਮਾਂ ਦੀ ਜਾਣਕਾਰੀ ਦੇਣ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ ਜਿੱਥੇ ਜਾਣਕਾਰੀ ਦਾ ਲਾਭ ਲੈਂਦੇ ਹੋਏ ਬਿਨੈਕਾਰਾਂ ਵਲੋਂ ਵੱਖ-ਵੱਖ ਕੰਮਾਂ ਤਹਿਤ ਕਰਜਾਂ ਲੈਣ ਲਈ ਆਪਣੇ ਨਾਂਅ ਦਰਜ ਕਰਵਾਏ ਗਏ।ਕੈਂਪ ਦੌਰਾਨ ਬੈਕਫਿੰਕੋ ਦੇ ਚੇਅਰਮੈਨ, ਬੈਕਫਿੰਕੋ ਸੰਦੀਪ ਸੈਣੀ ਨੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਸਸਤੇ ਵਿਆਜ ਦਰ੍ਹਾਂ 'ਤੇ ਕਰਜ਼ਾ ਮੁਹੱਈਆਂ ਕਰਵਾਉਣ ਅਤੇ ਹੋਰ ਸਕੀਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਸੈਣੀ ਨੇ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਸਬਜ਼ੀਆਂ ਉਗਾਉਣਾ, ਸ਼ਹਿਦ ਦੀਆਂ ਮੱਖੀਆਂ ਪਾਲਣ ਲਈ, ਕਾਰਪੈਂਟਰੀ/ਫਰਨੀਚਰ/ਲੁਹਾਰ ਕੰਮ, ਆਟਾ—ਚੱਕੀ/ਕੋਹਲੂ, ਆਟੋ ਰਿਕਸ਼ਾ, ਜਨਰਲ ਸਟੋਰ (ਕਰਿਆਨਾ/ਕੈਟਲ ਫੀਡ/ਪੋਲਟਰੀ ਫੀਡ), ਹਾਰਡਵੇਅਰ ਸਟੋਰ (ਸੈਨਟਰੀ ਅਤੇ ਬਿਲਡਿੰਗ ਮੈਟੀਰੀਅਲ ਲੋਹਾ ਆਦਿ), ਕੱਪੜਾ/ਰੈਡੀਮੇਡ ਗਾਰਮੈਂਟ ਸ਼ਾਪ, ਕਿਤਾਬਾ/ਸਟੇਸ਼ਨਰੀ ਦੀ ਦੁਕਾਨ, ਖੇਤੀਬਾੜੀ ਦੇ ਸੰਦਾਂ ਲਈ (ਫੈਬਰੀਕੇਸ਼ਨ), ਆਟੋ ਮੋਬਾਇਲ ਰਿਪੇਅਰ/ ਸਪੇਅਰ ਪਾਰਟਸ ਸ਼ਾਪ, ਇਲੈਕਟ੍ਰੋਨਿਕਸ/ਇਲੈਕਟ੍ਰੀਕਲ ਸੇਲ ਤੇ ਰਿਪੇਅਰ, ਫੋਟੋਗ੍ਰਾਫੀ ਅਤੇ ਵੀਡਿਓਗ੍ਰਾਫੀ, ਮੈਨਟੇਨੈਂਸ ਜਾਂ ਰਿਪੇਅਰ, ਪੰਡਾਲ ਜਾਂ ਸ਼ਮਿਆਨਾ ਸਰਵਿਸ ਆਦਿ 54 ਪ੍ਰਕਾਰ ਦੇ ਕਿੱਤਿਆ ਅਤੇ

ਟੈਕਨੀਕਲ/ਪ੍ਰੋਫੈਸ਼ਨਲ ਕੋਰਸਾਂ ਲਈ ਕਰਜ਼ਾ ਲੈਣ ਸਬੰਧੀ ਆਏ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ।ਇਸ ਮੌਕ ਚੇਅਰਮੈਨ, ਜ਼ਿਲ੍ਹਾ ਯੋਜਨਾ ਬੋਰਡ ਕਰਮਜੀਤ ਕੌਰ, ਅਜੈ ਸ਼ਰਮਾ, ਰਾਜ ਕੁਮਾਰ ਆਡਿਟ ਅਫ਼ਸਰ, ਬੈਕਫਿੰਕੋ, ਮੈਡਮ ਰਾਜ ਰਾਣੀ, ਸਹਾਇਕ ਜ਼ਿਲ੍ਹਾ ਮੈਨੇਜਰ ਐਸ.ਸੀ.ਕਾਰਪੋਰੇਸ਼ਨ, ਨਰੇਸ਼ ਕੁਮਾਰ, ਸੁਪਰਡੰਟ, ਦਫ਼ਤਰ ਜ਼ਿਲ੍ਹਾ ਭਲਾਈ ਅਫ਼ਸਰ, ਨੀਰਜ ਸਿੱਧੂ ਫੀਲਡ ਅਫ਼ਸਰ, ਬੈਕਫਿੰਕੋ, ਬੱਬੂ ਮਹੇ, ਸਰਪੰਚ ਬਜਵਾੜਾ ਕਲਾਂ, ਦਿਗਪਾਲ, ਸੁਖਬੀਰ ਸਿੰਘ ਵੀ ਮੌਜੂਦ ਸਨ।

ਟਰਾਲੀ ਨੂੰ ਟੱਕਰ ਵੱਜਣ ਨਾਲ ਚਾਲਕ ਦੀ ਮੌਤ, ਟਰਾਲਾ ਚਾਲਕ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਕਾਹਨੂੰਵਾਨ ਪੁਲਸ ਨੇ ਟਰਾਲੇ ਦੀ ਟੱਕਰ ਵੱਜਣ 'ਤੇ ਇਕ ਵਿਅਕਤੀ ਦੀ ਮੌਤ ਹੋਣ 'ਤੇ ਟਰਾਲਾ ਚਾਲਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮੰਗਲ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਸਿੱਦਪੁਰ ਥਾਣਾ ਦੀਨਾਨਗਰ ਨੇ ਦੱਸਿਆ ਕਿ ਉਸ ਦਾ ਛੋਟਾ ਭਰਾ ਜਸਵੰਤ ਸਿੰਘ ਉਮਰ 40 ਸਾਲ 15 ਫਰਵਰੀ ਨੂੰ ਟਰੈਕਟਰ ਟਰਾਲੀ 'ਤੇ ਗੰਨਾ ਲੋਡ ਕਰਕੇ ਪਿੰਡ ਸਿੱਧਪੁਰ ਤੋਂ ਕੀੜੀ ਅਫਗਾਨਾ ਮਿੱਲ ਨੂੰ ਜਾ ਰਿਹਾ ਸੀ ਕਿ ਸ਼ਾਮ 5.40 'ਤੇ ਜਦੋਂ ਜਸਵੰਤ ਸਿੰਘ ਢੀਂਡਸਾ ਮੋੜ ਨੇੜੇ ਪੁੱਜਾ ਤਾਂ ਪਿੱਛੇ ਤੋਂ ਇਕ ਟਰਾਲਾ ਨੰਬਰ ਪੀਬੀ.-46 ਐਮ. 3020 ਤੇਜ਼ ਰਫਤਾਰ ਨਾਲ ਆਇਆ, ਜਿਸ ਨੂੰ ਜਗਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਢੇਸੀਆਂ ਚਲਾ ਰਿਹਾ ਸੀ, ਉਸ ਨੇ ਟਰਾਲਾ ਤੇਜ਼ ਰਫ਼ਤਾਰ ਤੇ ਲਾਪ੍ਰਵਾਹੀ ਨਾਲ ਟਰੈਕਟ ਟਰਾਲੀ ਚਾਲਕ ਨੂੰ ਕਰਾਸ ਕਰਦਿਆਂ ਸਾਈਡ ਮਾਰ ਦਿੱਤੀ ਜਿਸ ਨਾਲ ਟਰੈਕਟਰ-ਟਰਾਲੀ ਪਲਟਣ ਕਰਕੇ ਜਸਵੰਤ ਸਿੰਘ ਦੀ ਟਰੈਕਟਰ ਟਰਾਲੀ ਦੇ ਹੇਠਾਂ ਆਉਣ ਕਰਕੇ ਉਸ ਦੀ ਮੌਤ ਹੋ ਗਈ ਹੈ ਅਤੇ ਜਗਜੀਤ ਸਿੰਘ ਟਰਾਲਾ ਮੌਕੇ ਤੋਂ ਭਜਾ ਕੇ ਲੈ ਗਿਆ। ਥਾਣਾ ਕਾਹਨੂੰਵਾਨ ਪੁਲਸ ਨੇ ਟਰਾਲਾ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਦੋ ਮੈਂਬਰ ਪੰਚਾਇਤ ਤੇ ਸਰਪੰਚੀ ਦੇ ਉਮੀਦਵਾਰ ਸਮੇਤ ਸੈਂਕੜੇ ਕਾਂਗਰਸੀ 'ਆਪ' 'ਚ ਸ਼ਾਮਲ

ਅੰਮ੍ਰਿਤਸਰ, ਜੰਡਿਆਲਾ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ, ਹਰਿਦਰਪਾਲ ਸਿੰਘ)

ਹਲਕਾ ਜੰਡਿਆਲਾ ਗੁਰੂ ਤੋਂ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡੀ ਤਾਕਤ ਮਿਲੀ ਜਦੋਂ ਹਲਕੇ ਦੇ ਪ੍ਰਸਿੱਧ ਪਿੰਡ ਗਹਿਰੀ ਤੋਂ ਸਰਪੰਚੀ ਦੇ ਉਮੀਦਵਾਰ ਪਰਮਿੰਦਰ ਸਿੰਘ ਪੰਨਾ ਅਤੇ ਮੌਜੂਦਾ ਮੈਂਬਰ ਪੰਚਾਇਤ ਸਰਵਣ ਸਿੰਘ ਤੇ ਹਰਭਜਨ ਸਿੰਘ ਆਪਣੇ ਅਨੇਕਾਂ ਸਾਥੀਆਂ ਸਮੇਤ ਰਵਾਇਤੀ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿਚ ਹੋਏ ਸ਼ਾਮਿਲ ਹੋ ਗਏ।ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਸਰਪੰਚ, ਪੰਚ ਅਤੇ ਹੋਰ ਪਿੰਡ ਵਾਸੀਆਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਨ ਉੱਤੇ ਜੀ ਆਇਆਂ ਕਹਿੰਦੇ ਕਿਹਾ ਕਿ ਤੁਹਾਡੀ ਸ਼ਮੂਲੀਅਤ ਨਾਲ ਮੈਨੂੰ ਵੱਡਾ ਬਲ ਮਿਲਿਆ ਹੈ।ਉਨ੍ਹਾਂ ਕਿਹਾ ਕਿ ਮੈਂ ਹਲਕੇ ਦੇ ਲੋਕਾਂ ਦੀ ਸੇਵਾ ਲਈ ਨਿਰੰਤਰ ਯਤਨਸ਼ੀਲ ਹਾਂ, ਲਗਾਤਾਰ ਆਪਣੇ ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ ਪਰ ਇਹ ਖੁਸ਼ੀ ਉਦੋਂ ਹੀ ਮਿਲਦੀ ਹੈ ਜਦੋਂ ਤੁਹਾਡੇ ਵਰਗੇ ਭਰਾਵਾਂ ਦਾ ਸਾਥ ਮਿਲੇ।ਇਸ ਮੌਕੇ ਮੰਤਰੀ ਨੇ ਕਿਹਾ ਕਿ ਇਹ ਤੁਹਾਡਾ ਸਾਥ ਹੀ ਹੈ ਜਿਸ ਨੇ ਪਹਿਲਾਂ ਵੀ ਵੱਡੇ ਫਰਕ ਨਾਲ ਜਿੱਤ ਦਿਵਾਈ ਸੀ ਅਤੇ ਤਾਕਤ ਬਖਸ਼ੀ ਸੀ।ਉਨ੍ਹਾਂ ਇਸ ਮੌਕੇ ਪਾਰਟੀ ਵਿੱਚ ਸ਼ਾਮਿਲ ਹੋਏ ਮੁਖਤਾਰ ਸਿੰਘ, ਨਰਿੰਦਰ ਸਿੰਘ ਪੱਪੂ, ਪ੍ਰਦੀਪ ਕੁਮਾਰ ਟੋਨੀ, ਪਰਮਿੰਦਰ ਸਿੰਘ, ਪੰਨਾ, ਸਰਵਣ ਸਿੰਘ ਮੈਂਬਰ ਪੰਚਾਇਤ, ਹਰਭਜਨ ਸਿੰਘ ਮੈਂਬਰ ਪੰਚਾਇਤ, ਬਾਬਾ ਕਸ਼ਮੀਰ ਸਿੰਘ, ਮੇਜਰ ਸਿੰਘ ਦੁਸਾਂਝ, ਕੀਮਤੀ ਲਾਲ, ਜੋਗਿੰਦਰ ਪਾਲ ਘੁੱਕ, ਬਲਕਾਰ ਸਿੰਘ, ਕੁਲਦੀਪ ਸਿੰਘ, ਅਵਤਾਰ ਸਿੰਘ ਤਾਰਾ, ਗੁਰਦਿਆਲ ਸਿੰਘ, ਬਲਰਾਜ ਸਿੰਘ ਬਾਜ਼ੂ, ਰਮੇਸ਼ ਕੁਮਾਰ , ਹਰਮਨਿੰਦਰਜੀਤ ਸਿੰਘ ਲਾਡੀ, ਟਿੰ

ਨਵਾਂ ਜ਼ਮਾਨਾ
ਮੰਗਲਵਾਰ, 18 ਫ਼ਰਵਰੀ 2025

ਭਗਦੜ ਦੇ ਅਸਲ ਕਾਰਨ

ਮਹਾਕੁੰਭ ਨੂੰ ਲੈ ਕੇ ਮੋਦੀ ਤੇ ਯੋਗੀ ਸਰਕਾਰਾਂ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈਆਂ ਹਨ। ਤਮਾਮ ਹਾਈਟੈੱਕ ਐਲਾਨਾਂ ਤੇ ਫਾਈਵ ਸਟਾਰ ਪ੍ਰਬੰਧਾਂ ਦੇ ਬਾਵਜੂਦ ਪ੍ਰਯਾਗਰਾਜ ਤੇ ਦਿੱਲੀ ਸਟੇਸ਼ਨ 'ਤੇ ਭਗਦੜ ਮਚਦੀ ਗਈ, ਪਰ ਸਰਕਾਰਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੇ ਨਾਲ-ਨਾਲ ਭਗਤ-ਜਨ ਵੀ ਸਵਾਲਾਂ ਤੋਂ ਪਲਾਇਨ ਨਹੀਂ ਕਰ ਸਕਦੇ। ਨਿਰਸੰਦੇਹ ਦੇਸ਼ ਦੇ ਲੋਕਾਂ 'ਚ ਧਾਰਮਕ ਆਸਥਾ ਬਹੁਤ ਹੈ। ਸਵਾ ਸਦੀ ਦੇ ਬਾਅਦ ਮਹਾਕੁੰਭ ਦੇ ਮੌਕੇ ਦਾ ਆਉਣਾ ਉਨ੍ਹਾਂ ਲਈ ਡੁਬਕੀ ਲਾ ਕੇ ਲੋਕ-ਪਰਲੋਕ ਦੋਵਾਂ ਨੂੰ ਸੁਧਾਰਨ ਵਾਂਗ ਹੈ। ਹੁਕਮਰਾਨਾਂ ਤੇ ਪੂੰਜੀਪਤੀਆਂ, ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੋਂ ਲੈ ਕੇ ਮੰਤਰੀਆਂ ਤੇ ਸਨਅਤਕਾਰਾਂ ਨੇ ਵੀ ਪ੍ਰਯਾਗਰਾਜ ਦੇ ਤ੍ਰਿਵੈਣੀ ਸੰਗਮ ਵਿੱਚ ਡੁੱਬਕੀਆਂ ਲਾਈਆਂ ਅਤੇ ਪੁੰਨ ਕਮਾ ਕੇ ਸਵਰਗ ਵਿੱਚ ਥਾਂ ਰਿਜ਼ਰਵ ਕਰ ਲਈ। ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਰਮਾਂਧਤਾ ਦੀ ਸੁਨਾਮੀ ਲਿਆਉਣ ਵਿੱਚ ਪ੍ਰਚਾਰ-ਤੰਤਰ ਨੇ ਅਰਾਜਕ ਰੋਲ ਅਦਾ ਕੀਤਾ ਹੈ। ਵਿਗਿਆਪਨਾਂ, ਸਰਕਾਰੀ ਐਲਾਨਾਂ ਤੇ ਆਗੂਆਂ ਦੇ ਭਾਸ਼ਣਾਂ ਨੇ ਲੋਕਾਂ ਵਿੱਚ ਧਾਰਮਕ ਸੁਨਾਮੀ ਲਿਆਂਦੀ ਤੇ ਇਸ ਸੁਨਾਮੀ ਨੇ ਮਨੁੱਖ ਦੀ ਚੇਤਨਾ, ਵਿਵੇਕ ਤੇ ਨਾਗਰਿਕ ਜ਼ਿੰਮੇਵਾਰੀ ਨੂੰ ਸੁੰਨ ਕਰ ਦਿੱਤਾ। ਨਤੀਜਾ ਨਿਕਲਿਆ ਭਗਤਾਂ ਦੀਆਂ ਮੌਤਾਂ 'ਚ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਕਰੋੜਾਂ ਭਗਤ ਕਦੇ ਚੰਗੇ ਸਕੂਲਾਂ, ਚੰਗੀ ਸਿੱਖਿਆ, ਵਕਾਰੀ ਨੌਕਰੀ, ਸਾਫ ਪਾਣੀ, ਢੁਕਵੇਂ ਘਰ, ਸਸਤੇ ਇਲਾਜ ਦੀ ਮੰਗ ਕਰਦੇ ਹਨ, ਹੁਕਮਰਾਨਾਂ ਤੋਂ ਇਹ ਪੁੱਛਦੇ ਹਨ ਕਿ ਮਹਿੰਗਾਈ ਕਿਉਂ ਵਧ ਰਹੀ ਹੈ, ਸਾਗ-ਸਬਜ਼ੀ, ਤੇਲ ਦੇ ਭਾਅ ਘੱਟ ਕਿਉਂ ਨਹੀਂ ਰਹੇ, ਪੈਟਰੋਲ ਦੇ ਰੇਟ ਕਿਉਂ ਵਧ ਰਹੇ ਹਨ। ਕੀ ਲੋਕ ਅਜਿਹੇ ਬੁਨਿਆਦੀ ਮੁੱਦਿਆਂ 'ਤੇ ਇਕਜੁੱਟ ਹੋ ਕੇ ਸੜਕਾਂ 'ਤੇ ਉਤਰਦੇ ਹਨ? 80 ਕਰੋੜ ਤੋਂ ਵੱਧ ਲੋਕਾਂ ਨੂੰ ਸਰਕਾਰੀ ਖੈਰਾਤ 'ਤੇ ਹੀ ਕਿਉਂ ਰੱਖਿਆ ਜਾ ਰਿਹਾ ਹੈ? ਸਾਂਸਦ ਤੇ ਵਿਧਾਇਕ ਪਾਰਟੀਆਂ ਬਦਲ ਕੇ ਉਨ੍ਹਾਂ ਨੂੰ ਧੋਖਾ ਕਿਉਂ ਦਿੰਦੇ ਹਨ? ਸੱਚਾਈ ਇਹ ਹੈ ਕਿ ਪਿਛਲੇ ਇੱਕ ਦਹਾਕੇ ਵਿੱਚ ਅੰਧ-ਵਿਸ਼ਵਾਸ ਅਤੇ ਹਮਲਾਵਰ ਤੇ ਨਾਕਾਰਾਤਮਕ ਧਾਰਮਿਕਤਾ ਦਾ ਸੈਲਾਬ ਆ ਗਿਆ ਹੈ, ਹਰ ਮਰਜ਼ ਦੀ ਦਵਾ ਧਰਮ ਵਿੱਚ ਲੱਭੀ ਜਾ ਰਹੀ ਹੈ। 2014 ਤੋਂ ਧਰੁਵੀਕਰਨ ਲਈ ਲੂਆਂ ਵੱਖਰੀਆਂ ਚੱਲ ਰਹੀਆਂ ਹਨ—ਹਿੰਦੂਤਵ, ਅਖੰਡ ਭਾਰਤ, ਹਿੰਦੂ ਰਾਸ਼ਟਰ, ਭੀੜਤੰਤਰੀ ਕਤਲ, ਲਵ-ਜਿਹਾਦ, ਸ਼ਮਸ਼ਾਨ-ਕਬਰਿਸਤਾਨ, ਉਨਮਾਦੀ ਗਊ ਰਕਸ਼ਕ, ਬਟੋਗੇ ਤੋ ਕਟੋਗੇ ਆਦਿ ਨਾਲ ਜਿੱਥੇ ਨਫਰਤੀ ਸੰਸਕ੍ਰਿਤੀ ਦਾ ਵਿਸਫੋਟ ਹੋਇਆ ਹੈ, ਉਥੇ ਇਸ ਨੇ ਨਾਕਾਰਾਤਮਕ ਤੇ ਹਮਲਾਵਰ ਧਾਰਮਿਕਤਾ ਨੂੰ ਵੀ ਵਧਾਇਆ ਹੈ। ਕੀ ਆਸਥਾ ਤੇ ਈਸ਼ਵਰ ਤੋਂ ਮਾਰਗ-ਦਰਸ਼ਨ ਲੈ ਕੇ ਅਦਾਲਤੀ ਫੈਸਲਾ ਨਹੀਂ ਹੋਇਆ?

ਡੁੱਬਕੀ ਲਾ ਕੇ ਸਵਰਗ-ਮੋਕਸ਼ ਤਲਾਸ਼ਣ ਦੀ ਮਾਨਸਿਕਤਾ ਕਾਰਨ ਹੀ ਪ੍ਰਯਾਗਰਾਜ ਤੇ ਨਵੀਂ ਦਿੱਲੀ ਸਟੇਸ਼ਨ 'ਤੇ ਤ੍ਰਾਸਦੀਆਂ ਵਾਪਰੀਆਂ। ਇਸੇ ਮਾਨਸਿਕਤਾ ਨੇ 6 ਦਸੰਬਰ 1992 ਵਿੱਚ ਬਾਬਰੀ ਮਸਜਿਦ ਢਾਹੁਣ ਲਈ ਪ੍ਰੇਰਤ ਕੀਤਾ ਸੀ। ਤੱਤਕਾਲੀ ਰਾਓ ਸਰਕਾਰ ਚੁੱਪਚਾਪ ਦੇਖਦੀ ਰਹੀ। ਕਰੀਬ ਦੋ ਦਹਾਕੇ ਬਾਅਦ ਮੋਦੀ ਰਾਜ ਵਿਚ ਇਸ ਮਾਨਸਿਕਤਾ ਵਿੱਚ ਹਮਲਾਵਰੀ ਦਾ ਨਵਾਂ ਆਯਾਮ ਜੁੜ ਗਿਆ। ਇਸ ਦਾ ਘਰ-ਘਰ ਫੈਲਾਅ ਹੋਇਆ ਹੈ ਅਤੇ ਔਸਤ ਪਰਵਾਰ ਅਸਹਿਣਸ਼ੀਲਤਾ ਬਨਾਮ ਉਦਾਰਤਾ ਅਤੇ ਅੰਧਵਿਸ਼ਵਾਸ ਬਨਾਮ ਵਿਵੇਕਸ਼ੀਲਤਾ ਵਿੱਚ ਵੰਡਿਆ ਦਿਖਾਈ ਦਿੰਦਾ ਹੈ। ਇਸ ਦਾ ਵੀ ਠੋਸ ਕਾਰਨ ਹੈ। ਛੇਵੇਂ, ਸੱਤਵੇਂ, ਅੱਠਵੇਂ ਤੇ ਨੌਵੇਂ ਦਹਾਕਿਆਂ ਦਾ ਜ਼ਮਾਨਾ ਸਮਾਜੀ, ਕਿਰਤੀ ਤੇ ਸਿਆਸੀ ਅੰਦੋਲਨਾਂ ਤੇ ਸੱਤਿਆਗ੍ਰਹਿਆਂ ਦਾ ਸੀ। ਲੋਕ ਆਪਣੇ ਮੁੱਦਿਆਂ ਦੀ ਭੜਾਸ ਕੱਢਦੇ ਸਨ। ਇਨ੍ਹਾਂ ਅੰਦੋਲਨਾਂ ਦੀ ਅਗਵਾਈ ਖੱਬੇ-ਪੱਖੀ ਤੇ ਸਮਾਜਵਾਦੀ ਆਗੂ ਕਰਦੇ ਸਨ। ਹਰ ਖੇਤਰ ਦੇ ਮਜ਼ਦੂਰ-ਮੁਲਾਜ਼ਮ ਸੰਗਠਨ ਸਰਗਰਮ ਰਹਿੰਦੇ ਸਨ। ਆਮ ਲੋਕਾਂ ਦੀ ਊਰਜਾ ਉਸਾਰੂ ਕੰਮਾਂ 'ਤੇ ਕੇਂਦਰਤ ਰਹਿੰਦੀ ਸੀ। ਬਦਕਿਸਮਤੀ ਨਾਲ ਪਿਛਲੇ ਇੱਕ ਦਹਾਕੇ ਤੋਂ ਲੋਕ ਵਾਪਸ ਨਾਗਰਿਕ ਤੋਂ ਪਰਜਾ ਵਿੱਚ ਬਦਲਦੇ ਜਾ ਰਹੇ ਹਨ। ਇਸ ਕੰਮ ਵਿੱਚ ਨਾਕਾਰਾਤਮਕ ਧਾਰਮਿਕਤਾ ਫੈਸਲਾਕੁੰਨ ਰੋਲ ਨਿਭਾਉਂਦੀ ਆ ਰਹੀ ਹੈ। ਲੋਕ 'ਸਰਕਾਰ ਨਿਰਮਤ ਪਰਜੀਵੀ' ਬਣਦੇ ਜਾ ਰਹੇ ਹਨ। ਇਹੀ ਪਰਜੀਵੀ ਮਾਨਸਿਕਤਾ ਲੋਕਾਂ ਨੂੰ ਸਰਕਾਰ ਅੱਗੇ ਸੱਚ ਬੋਲਣ ਤੇ ਬੁਨਿਆਦੀ ਮੁੱਦੇ ਉਠਾਉਣ ਤੋਂ ਰੋਕਦੀ ਹੈ ਅਤੇ ਭਗਦੜਾਂ ਦੇ ਹਵਾਲੇ ਕਰਦੀ ਹੈ। ਉਨ੍ਹਾਂ ਨੂੰ ਪਰਜਾ ਬਣੇ ਰਹਿਣ ਵਿੱਚ ਮਹਾਨ ਤਸੱਲੀ ਮਿਲਦੀ ਹੈ। ਪਰਮ ਅਨੰਦ ਦਾ ਅਹਿਸਾਸ ਹੁੰਦਾ ਹੈ। ਇਸ ਲਈ ਉਹ ਭਗਦੜ ਨੂੰ ਰੱਬ ਦਾ ਭਾਣਾ ਮੰਨਣ ਲੱਗਦੇ ਹਨ। ਭਗਦੜ ਵਿੱਚ ਹੋਣ ਵਾਲੀ ਮੌਤ ਨੂੰ ਮੋਕਸ਼ ਤੇ ਸਵਰਗ ਦੇ ਕਾਲਪਨਿਕ ਆਨੰਦ ਦੇ ਰੂਪ ਵਿੱਚ ਲੈਂਦੇ ਹਨ, ਮਿੱਥ ਯਥਾਰਥ ਵਿੱਚ ਬਦਲ ਜਾਂਦਾ ਹੈ। ਇਸ ਦੇ ਨਾਲ ਹੀ 'ਪੋਸਟ ਟਰੁੱਥ ਪਾਲੀਟਿਕਸ' ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਦਮੋਦਰਦਾਸ ਮੋਦੀ ਦਾ ਸਾਨੀ ਕਿਹੜਾ? ਲੋਕਤੰਤਰ ਤੇ ਸੰਵਿਧਾਨ ਨੂੰ ਜਿਊਂਦੇ ਰੱਖਣ ਲਈ ਲੋਕਾਂ ਨੂੰ ਪਰਜਾ ਤੋਂ ਨਾਗਰਿਕ ਬਣਨਾ ਪੈਣਾ ਅਤੇ ਨਾਕਾਰਾਤਮਕ ਧਾਰਮਿਕਤਾ ਤੋਂ ਪਿੱਛਾ ਛੁਡਾਉਣਾ ਪੈਣਾ, ਤਾਂ ਹੀ ਅਜਿਹੇ ਹਾਦਸਿਆਂ ਨੂੰ ਰੋਕਿਆ ਜਾ ਸਕਦਾ ਹੈ।

ਭੁੱਖ ਅਤੇ ਧੋਖਾਧੜੀ ਇਜ਼ਰਾਈਲ ਦੇ ਵਾਧੂ ਹਥਿਆਰ

ਮੂਲ : ਬਾਸਮ ਅਹਿਮਦ
ਅਨੁਵਾਦ: ਪਿਰਥੀਪਾਲ ਸਿੰਘ ਮਾੜੀਮੇਘਾ

ਲੇਖਕ ਅਨੁਸਾਰ ਮੱਧ ਗਾਜ਼ਾ ਪੱਟੀ ਵਿੱਚ ਅਲ-ਬੁਰੀਜ ਰਫਿਊਜੀ ਤੰਬੂ ਦੀ ਗਹਿਰਾਈ, ਜੋ ਫਲਸਤੀਨੀ ਲੋਕਾਂ ਦੀ ਹਰ ਦਿਨ ਜ਼ਿੰਦਾ ਰਹਿਣ ਦੀ ਲੜਾਈ ਦੀ ਤਰ੍ਹਾਂ ਲਗਦੀ ਹੈ, ਇਹ ਫਲਸਤੀਨੀ ਨਸਲ ਨਾਲ ਖਚਾਖਚ ਭਰੇ ਹੋਏ ਤੰਬੂ ਜੰਗ ਦੀਆਂ ਖੌਫਨਾਕ ਕਹਾਣੀਆਂ ਛਿਪਾਉਂਦੇ ਹਨ।

ਐਤਵਾਰ ਯੁੱਧਬੰਦੀ ਦਾ ਸਮਝੌਤਾ ਲਾਗੂ ਹੋਣ ਵਾਲਾ ਹੈ। ਇਸ ਖ਼ਬਰ ਦੇ ਐਲਾਨ ਦੇ ਬਾਅਦ ਤੋਂ ਵੀ ਇਜ਼ਰਾਈਲ ਸਾਡੇ 'ਤੇ ਭਾਰੀ ਬੰਬਾਰੀ ਕਰ ਰਿਹਾ ਹੈ। ਚਾਹੇ ਕੁਝ ਵੀ ਹੋਵੇ ਤੰਬੂਆਂ ਵਿੱਚ ਹਰ ਕੋਈ ਇਨਸਾਨ ਉਹ ਜੀਵਨ ਜੀ ਰਿਹਾ ਹੈ, ਜੋ ਜਿਊਣ ਯੋਗ ਨਹੀਂ। ਤੰਬੂਆਂ ਵਿੱਚ ਲੋਕਾਂ ਨੂੰ ਜਾਣਬੁੱਝ ਕੇ ਉਹ ਤਸੀਹੇ ਦਿੱਤੇ ਜਾ ਰਹੇ, ਜੋ ਭੁੱਲਣ ਯੋਗ ਨਹੀਂ ਹਨ।ਹਕੀਕਤ ਇਹ ਹੈ ਕਿ ਫਲਸਤੀਨੀ ਨਿਵਾਸੀਆਂ ਨੂੰ ਪਿਛਲੇ 15 ਮਹੀਨਿਆਂ ਤੋਂ ਨਸਲਘਾਤ ਕਰਨ ਵਾਲੀਆਂ ਹਾਲਤਾਂ ਝੱਲਣੀਆਂ ਪੈ ਰਹੀਆਂ ਹਨ।

ਇਸ ਨਸਲਘਾਤ ਵਾਲੀ ਜੰਗ ਵਿੱਚ ਇਜ਼ਰਾਈਲ ਵੱਲੋਂ ਸ਼ਾਇਦ ਫਲਸਤੀਨ ਵਸੋਂ ਨੂੰ ਸਭ ਤੋਂ ਵੱਧ ਤੰਗ ਕਰਨ ਵਾਲੀ ਭੋਜਨ ਦੀ ਘਾਟ ਜਾਣਬੁੱਝ ਕੇ ਦਿੱਤੀ ਜਾ ਰਹੀ ਹੈ। ਕਈ ਦੂਸਰੇ ਪਰਵਾਰਾਂ ਦੀ ਤਰ੍ਹਾਂ ਖੁਦ ਮੇਰਾ (ਲੇਖਕ) ਪ੍ਰਵਾਰ ਵੀ ਭੁੱਖ ਨਾਲ ਲਗਾਤਾਰ ਜੂਝ ਰਿਹਾ ਹੈ।

ਜੂਨ ਵਿੱਚ ਗਰਮੀਆਂ ਦੀ ਚੜ੍ਹਤ 'ਤੇ ਮੈਂ ਆਪਣੀ ਮਾਂ, ਆਪਣੇ ਭਰਾ, ਆਪਣੀ ਭੈਣ ਅਤੇ ਉਸ ਦੇ ਤਿੰਨ ਬੱਚਿਆਂ ਦੇ ਨਾਲ ਆਪਣੀ ਭੈਣ ਦੇ ਘਸੇ-ਪਿਟੇ ਤੰਬੂ ਦੇ ਅੰਦਰ ਬੈਠਾ ਹਾਂ। ਉਨ੍ਹਾਂ ਦੇ ਨਾਲ 7 ਸਾਲ ਦਾ ਹਮਜ਼ਾ ਵੀ ਸੀ, ਜਿਸ ਦਾ ਪਤਲਾ ਸਰੀਰ ਇਸ ਕਠੋਰ ਦੁਨੀਆ ਦੇ ਲਈ ਬਹੁਤਾ ਹੀ ਮਾਸੂਮੀਅਤ ਵਾਲਾ ਲੱਗ ਰਿਹਾ ਸੀ। ਉਸ ਦਿਨ ਭੁੱਖ ਹੀ ਸਾਡਾ ਇੱਕ ਮਾਤਰ ਸਾਥੀ ਸੀ। ਅਸੀਂ ਦੋ ਦਿਨਾਂ ਤੋਂ ਕੁਛ ਨਹੀਂ ਸੀ ਖਾਧਾ ਅਤੇ ਸਾਡੇ ਪੇਟ ਵਿੱਚ ਭੁੱਖ ਦੇ ਕਾਰਨ ਜ਼ੋਰ ਦਾ ਦਰਦ ਹੋ ਰਿਹਾ ਸੀ।

ਅਚਾਨਕ ਹਮਜ਼ਾ ਤੰਬੂ ਵਿੱਚ ਵੜਿਆ, ਉਸ ਦਾ ਛੋਟਾ ਜਿਹਾ ਚੇਹਰਾ ਉਤਸ਼ਾਹ ਨਾਲ ਚਮਕ ਰਿਹਾ ਸੀ, ਕਿਉਂਕਿ ਉਸ ਨੇ ਤੰਬੂ ਦੇ ਬਾਹਰੋਂ ਜ਼ਮੀਨ ਉਤੇ ਪਿਆ ਹੋਇਆ ਰੋਟੀ ਦਾ ਟੁਕੜਾ ਚੁੱਕ ਲਿਆ ਸੀ। ਬੜੇ ਨਾਜ਼ ਦੇ ਨਾਲ ਉਸ ਨੇ ਕਿਹਾ: ਮਾਮਾ ਵੇਖੋ! ਮੈਨੂੰ ਰੋਟੀ ਮਿਲ ਗਈ! ਮੈਂ ਇਸ ਨੂੰ ਸਾਰਿਆਂ ਵਿੱਚ ਵੰਡੂੰਗਾ।

ਇਸ ਤੋਂ ਪਹਿਲਾਂ ਕਿ ਉਹ ਆਪਣੀ ਗੱਲ ਪੂਰੀ ਕਰ ਲੈਂਦਾ, ਮੇਰੇ ਭਰਾ ਮਾਜਦ 25 ਸਾਲਾ, ਜੋ ਨਸਲਘਾਤ ਹਮਲੇ ਤੋਂ ਪਹਿਲਾਂ ਦੇ ਵਕੀਲ ਸਨ, ਨੇ ਹਮਜ਼ਾ ਦੇ ਹੱਥੋਂ ਰੋਟੀ ਖੋਹ ਲਈ। ਗੁੱਸੇ ਅਤੇ ਨਿਰਾਸ਼ਾ ਦੇ ਮਿਲੇ-ਜੁਲੇ ਭਾਵ ਨਾਲ ਮਾਜਦ ਨੇ ਲੜਕੇ ਵੱਲ ਵੇਖਿਆ। ਮਾਜਦ ਨੇ ਲੜਕੇ ਨੂੰ ਕਿਹਾ,-ਇਹ ਰੋਟੀ ਦਾ ਟੁਕੜਾ ਤੈਨੂੰ ਕਿਥੋਂ ਮਿਲਿਆ? ਤੂੰ ਕੀ ਇਸ ਨੂੰ ਚੋਰੀ ਕੀਤਾ ਹੈ?

ਹਮਜ਼ਾ ਦੇ ਲਈ ਸਵਾਲ ਦਾ ਇਹ ਸਖ਼ਤ ਰੁਖ਼ ਉਸ ਦੀ ਸਮਝ ਤੋਂ ਬਾਹਰ ਸੀ। ਪੂਰੀ ਮਸੂਮੀਅਤ ਦੇ ਨਾਲ ਉਸ ਨੇ ਜੁਆਬ ਦਿੱਤਾ, ਨਹੀਂ ਚਾਚਾ ਮੈਨੂੰ ਇਹ ਰੋਟੀ ਦਾ ਟੁਕੜਾ ਜ਼ਮੀਨ 'ਤੇ ਪਿਆ ਮਿਲਿਆ ਸੀ।

ਮੇਰੇ ਭਰਾ ਦਾ ਗੁੱਸਾ ਪਲ ਭਰ ਦੇ ਲਈ ਕੁੱਝ ਘੱਟ ਹੋ ਗਿਆ, ਪਰੰਤੂ ਉਸ ਨੇ ਫਿਰ ਜ਼ੋਰ ਦੇ ਨਾਲ ਆਖਿਆ-ਹਮਜ਼ਾ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਇਹ ਟੁਕੜਾ ਸਾਡਾ ਨਹੀਂ ਹੈ। ਇਹ ਕਿਸੇ ਅਜਿਹੇ ਆਦਮੀ ਦਾ ਹੋ ਸਕਦਾ ਹੈ, ਜਿਸ ਨੂੰ ਇਸ ਦੀ ਸਾਡੇ ਤੋਂ ਵੀ ਜ਼ਿਆਦਾ ਜ਼ਰੂਰਤ ਹੋਵੇ। ਅਸੀਂ ਇਹ ਨਹੀਂ ਲੈ ਸਕਦੇ, ਜੋ ਸਾਡਾ ਹੱਕ ਨਹੀਂ ਹੈ।

ਮਾਜਦ ਦੇ ਕਹਿਣ 'ਤੇ ਹਮਜ਼ਾ ਦੇ ਛੋਟਿਆਂ ਹੱਥਾਂ ਨੇ ਰੋਟੀ ਨੂੰ ਚੰਗੀ ਤਰ੍ਹਾਂ ਪਕੜ ਲਿਆ, ਜਿਸ ਤਰ੍ਹਾਂ ਕਿ ਉਸ ਦੇ ਹੱਥ 'ਚੋਂ ਹੋਰ ਕੋਈ ਨਾ ਖੋਹ ਲਵੇ , ਜਦੋਂ ਕਿ ਉਸ ਦਾ ਛੋਟਾ ਮਨ ਇਸ ਨਾਇਨਸਾਫੀ ਨਾਲ ਜੂਝ ਰਿਹਾ ਸੀ, ਪਰੰਤੂ ਜਦੋਂ ਕਿ ਭੁੱਖ ਉਸ ਨੂੰ ਖਾਈ ਜਾ ਰਹੀ ਸੀ ਤੇ ਫਿਰ ਵੀ ਉਸ ਨੇ ਸਿਰ ਹਿਲਾਇਆ, ਆਪਣੇ ਪੈਰਾਂ 'ਤੇ ਖੜਾ ਹੋਇਆ ਅਤੇ ਰਾਤ ਸਮੇਂ ਵਾਪਸ ਚਲਾ ਗਿਆ, ਜਿਥੋਂ ਰੋਟੀ ਮਿਲੀ ਸੀ, ਉਸ ਜਗ੍ਹਾ 'ਤੇ ਛੱਡਣ ਵਾਸਤੇ। ਰੋਟੀ ਛੱਡ ਕੇ ਜਦੋਂ ਉਹ ਕੁਝ ਮਿੰਟਾਂ ਬਾਅਦ ਵਾਪਸ ਆਇਆ ਤੇ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਪਈਆਂ ਸਨ। ਉਹ ਮੇਰੇ ਕੋਲ ਬੈਠਾ ਅਤੇ ਉਸ ਨੇ ਮਾਸੂਮੀਅਤ ਜਿਹੀ ਥਿੜਕਦੀ ਜਿਹੀ ਆਵਾਜ਼ ਵਿੱਚ ਪੁੱਛਿਆ-ਮਾਮਾ ਅਸੀਂ ਕਦੋਂ ਖਾਵਾਂਗੇ? ਮੇਰੇ ਕੋਲ ਉਸ ਨੂੰ ਦਿਲਾਸਾ ਦੇਣ ਵਾਸਤੇ ਕੋਈ ਸ਼ਬਦ ਨਹੀਂ ਸਨ ਅਤੇ ਕੋਈ ਵਾਅਦਾ ਕਰਨ ਦੇ ਲਈ ਵੀ ਕੋਲ ਕੁਝ ਨਹੀਂ ਸੀ। ਮੈਂ ਬੱਸ ਚੁੱਪਚਾਪ ਬੈਠ ਸਕਦਾ ਸਾਂ, ਮੇਰਾ ਦਿਲ ਉਸ ਦੇ ਸਵਾਲ ਦੇ ਬੋਝ ਨਾਲ ਭਾਰਾ ਹੋਇਆ ਪਿਆ ਸੀ। ਮੇਰੇ ਹਿਰਦੇ ਵਿੱਚ ਇਹ ਘੁੰਮ ਰਿਹਾ ਸੀ ਕਿ ਹਮਜ਼ਾ ਵਰਗੇ ਬੱਚੇ ਨੂੰ ਏਨੀ ਘੱਟ ਉਮਰ ਵਿੱਚ ਆਦਰ-ਭਾਵ ਅਤੇ ਆਉਣ ਵਾਲੇ ਸਮੇਂ ਦੇ ਬਾਰੇ ਅਜਿਹੇ ਦਰਦਨਾਕ ਸਬਕ ਕਿਉਂ ਸਿਖਣੇ ਪੈ ਰਹੇ ਹਨ?

ਉਸ ਰਾਤ ਅਸੀਂ ਇੱਕ ਖ਼ਾਲੀ ਚੁੱਲ੍ਹੇ ਦੇ ਚਾਰੇ ਪਾਸੇ ਬੈਠੇ ਸਾਂ, ਜੋ ਸਿਰਫ ਲੱਕੜੀ ਦੀਆਂ ਕੁਛ ਤਖਤੀਆਂ ਦੀ ਹਲਕੀ ਅੱਗ ਨਾਲ ਸੇਕ ਵੰਡ ਰਿਹਾ ਸੀ। ਹਮਜ਼ਾ ਮੇਰੇ ਨਾਲ ਜੁੜ ਕੇ ਸੌਂ ਗਿਆ, ਉਸ ਦੀ ਛੋਟੀ ਜਿਹੀ ਛਾਤੀ ਹਰ ਸਾਹ ਦੇ ਨਾਲ ਉੱਪਰ-ਥੱਲੇ ਧੜਕ ਰਹੀ ਸੀ। ਮੈਂ ਵੇਖਿਆ ਕਿ ਉਹ ਸੁੱਤਾ ਹੋਇਆ ਸੁਪਨਾ ਵੇਖ ਰਿਹਾ ਹੈ ਅਤੇ ਮਨ ਦੇ ਸੋਚਣ ਅਨੁਸਾਰ ਉਸ ਨੇ ਸੁਪਨੇ ਵਿੱਚ ਆਖਰਕਾਰ ਉਹ ਰੋਟੀ ਖਾ ਲਈ ਹੈ, ਜਿਸ ਨੂੰ ਉਹ ਛੱਡਣ ਗਿਆ ਸੀ।

ਕੈਂਪ ਵਿੱਚ ਜ਼ਿੰਦਗੀ ਅਜਿਹੀ ਹੀ ਹੁੰਦੀ ਹੈ, ਭੁੱਖ ਦੇ ਖਿਲਾਫ ਲਗਾਤਾਰ ਲੜਾਈ, ਜਿਥੇ ਸਭ ਨਾਲੋਂ ਘੱਟ ਉਮਰ ਦੇ ਬੱਚਿਆਂ ਨੂੰ ਵੀ ਭੁੱਖੇ ਰਹਿ ਕਿ ਆਪਣਾ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।

ਇਸੇ ਮਹੀਨੇ ਤੋਂ ਬਾਅਦ ਮੈਂ ਖਾਨ ਯੂਨਿਸ ਦੇ ਅਲ-ਮਵਾਸੀ ਇਲਾਕੇ ਵਿੱਚ ਬਚਪਨ ਦੇ ਦੋਸਤ ਅਹਿਮਦ ਅਲ-ਕਫਰਹੇਨ ਅਤੇ ਉਸ ਦੇ ਪ੍ਰਵਾਰ ਦੇ ਨਾਲ ਇੱਕ ਛੋਟੇ ਜਿਹੇ ਤੰਬੂ ਵਿੱਚ ਬੈਠਿਆ ਸਾਂ। ਅਹਿਮਦ, ਜਿਸ ਦੀ ਉਮਰ 17 ਸਾਲ ਦੀ ਸੀ, ਉਹ ਮੇਰੇ ਨਜ਼ਦੀਕ ਬੈਠਾ ਸੀ। ਉਸ ਦੇ ਪਿਤਾ ਤੈਸਿਰ 58 ਸਾਲ ਦੇ ਹਨ,ਉਹ ਪੜ੍ਹੇ-ਲਿਖੇ ਹਨ, ਅਪ੍ਰੈਲ ਵਿੱਚ ਇਜ਼ਰਾਈਲੀ ਹਮਲੇ ਨਾਲ ਉਨ੍ਹਾਂ ਦੇ ਖੱਬੇ ਪੈਰ 'ਤੇ ਸੱਟ ਲੱਗੀ ਸੀ ਅਤੇ ਉਹ ਤੰਬੂ ਦੇ ਕੋਨੇ ਵਿੱਚ ਇੱਕ ਮਾਮੂਲੀ ਗੱਦੇ ਉੱਤੇ ਲੰਮੇ ਪਏ ਹੋਏ ਸਨ। ਅਹਿਮਦ ਦੀ ਮਾਂ ਉਸ ਦੇ ਚਾਰ ਛੋਟੇ ਭਰਾ ਤੇ ਭੈਣਾਂ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰ ਰਹੀ ਸੀ, ਜਿਨ੍ਹਾਂ ਵਿੱਚ ਸਭ ਤੋਂ ਵੱਡਾ ਸਿਰਫ 10 ਸਾਲ ਦਾ ਸੀ। ਖਾਣ ਦੇ ਲਈ ਲੱਗਭਗ ਕੁੱਝ ਵੀ ਨਹੀਂ ਸੀ ਬਚਿਆ। ਬੱਸ ਰੋਟੀ ਦਾ ਇੱਕ ਛੋਟਾ ਜਿਹਾ ਟੁਕੜਾ, ਜੋ ਮੁਸ਼ਕਲ ਨਾਲ ਇੱਕ ਹੀ ਬੱਚੇ ਨੂੰ ਸੰਤੁਸ਼ਟ ਕਰ ਸਕਦਾ ਸੀ।

ਅੱਜ ਬਾਜ਼ਾਰ ਵਿੱਚ ਆਟਾ ਆ ਗਿਆ ਹੈ ਅਹਿਮਦ ਨੇ ਅਚਾਨਕ ਕਿਹਾ। ਮੈਂ ਇੱਕ ਥੈਲੀ ਖਰੀਦਣ ਜਾ ਰਿਹਾ ਹਾਂ। ਮੈਂ ਸੁਣਿਆ ਕਿ ਇਜ਼ਰਾਈਲੀਆਂ ਨੇ ਇੱਕ ਛੋਟੀ ਖੇਪ ਨੂੰ ਆਉਣ ਦਿੱਤਾ ਹੈ। ਮੈਨੂੰ ਪਤਾ ਸੀ ਕਿ ਇਜ਼ਰਾਈਲੀ ਚੌਕੀਆਂ ਦੇ ਰਾਹੀਂ ਗਾਜ਼ਾ ਵਿੱਚ ਸੀਮਤ ਮਾਤਰਾ ਵਿੱਚ ਆਟੇ ਦੇ ਜਾਣ ਦੀ ਆਗਿਆ ਦੇਣਾ ਇਹ ਇਜ਼ਰਾਈਲ ਵੱਲੋਂ ਦਇਆ ਦਾ ਕੰਮ ਨਹੀਂ, ਇਹ ਮਨੁੱਖ ਨੂੰ ਤਕਲੀਫ ਪਹੁੰਚਾਉਣ ਦਾ ਇੱਕ ਹੋਰ ਤਰੀਕਾ ਸੀ। ਇਸ ਆਟੇ ਦੀ ਖੇਪ ਨੂੰ ਪ੍ਰਾਪਤ ਕਰਨ ਵਾਲੇ ਵਿਉਪਾਰੀ ਲੋਕਾਂ ਦੀ ਨਿਰਾਸ਼ਾ ਅਤੇ ਭੁੱਖ ਦਾ ਫਾਇਦਾ ਉਠਾਉਂਦੇ ਹੋਏ ਆਟੇ

18-FEB-PAGE-5.qxd 2/17/2025 10:57 PM Page 1

ਮਾਨ ਸਰਕਾਰ ਦਿੱਲੀ ਚੋਣਾਂ ਤੋਂ ਸਬਕ ਲੈ ਕੇ ਕੀਤੇ ਵਾਅਦੇ ਪੂਰੇ ਕਰੇ : ਦੇਵੀ ਕੁਮਾਰੀ

■ ਸਮਾਜਿਕ ਸੁਰੱਖਿਆ ਪੈਨਸ਼ਨ 5000 ਰੁ. ਕਰਨ ਦੀ ਮੰਗ

ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)

ਪੰਜਾਬ ਦੀ ਭਗਵੰਤ ਮਾਨ ਸਰਕਾਰ ਆਪਣੀ ਪਾਰਟੀ ਦੀ ਦਿੱਲੀ ਵਿੱਚ ਹੋਈ ਹਾਰ ਤੋਂ ਸਬਕ ਲੈਂਦੇ ਹੋਏ ਤਿੰਨ ਸਾਲ ਪਹਿਲਾਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੇ।ਇਹ ਸ਼ਬਦ ਬੀਬੀ ਦੇਵੀ ਕੁਮਾਰੀ, ਸੂਬਾ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ ਨੇ 'ਸ਼ਹੀਦ ਕਾਮਰੇਡ ਅਮੋਲਕ ਭਵਨ' ਫਰੀਦਕੋਟ ਵਿਖੇ ਜਥੇਬੰਦੀ ਦੀ ਜ਼ਿਲ੍ਹਾ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਹੇ। ਉਨ੍ਹਾਂ ਕਿਹਾ ਕਿ ਚੋਣਾਂ ਵੇਲੇ ਆਮ ਆਦਮੀ ਪਾਰਟੀ ਨੇ ਬੁਢਾਪਾ ਪੈਨਸ਼ਨ, ਵਿਧਵਾ ਅਤੇ ਅੰਗਹੀਣ ਪੈਨਸ਼ਨਾਂ ਮੌਜੂਦਾ 1500 ਤੋਂ ਵਧਾ ਕੇ 2500_ ਕਰਨ ਅਤੇ ਹਰ ਔਰਤ ਦੇ ਖਾਤੇ ਵਿੱਚ ਹਰ ਮਹੀਨੇ ਇੱਕ ਹਜ਼ਾਰ ਪਾਉਣ ਦੇ ਵਾਅਦੇ ਕੀਤੇ ਸਨ ,ਪਰ ਨਿੰਨ ਸਾਲ ਬੀਤ ਜਾਣ 'ਤੇ 'ਡੱਕਾ ਵੀ ਨਹੀਂ ਤੋੜਿਆ।' ਕਾਮਰੇਡ ਜਗਤਾਰ ਸਿੰਘ ਭਾਣਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਿਲਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਮਾਨੀ ਵਾਲਾ ਨੇ 5 ਫਰਵਰੀ ਨੂੰ ਜਿਲੇ ਦੇ ਪਿੰਡ ਚੰਦਭਾਨ ਵਿੱਚ ਮਜ਼ਦੂਰ ਵਰਗ ਤੇ ਹੋਈ ਜਬਰ ਦੀ ਘਟਨਾ ਦਾ ਵੇਰਵੇ ਸਹਿਤ ਜ਼ਿਕਰ ਕਰਦੇ ਹੋਏ ਦੱਸਿਆ ਕਿ ਜੋ ਮਜ਼ਦੂਰ ਜਥੇਬੰਦੀਆਂ ਤੁਰੰਤ ਵਿਸ਼ਾਲ ਏਕਾ ਕਰਕੇ ਸੰਘਰਸ਼ ਦੇ ਮੈਦਾਨ ਵਿੱਚ ਨਾ ਆਉਂਦੀਆਂ ਤਾਂ ਪਿੰਡ ਦੇ 41 ਮਜ਼ਦੂਰ ਜੇਲ ਵਿੱਚ ਲੰਬਾ ਸਮਾਂ ਡੱਕੇ ਰਹਿਣ ਅਤੇ ਉੱਨਾਂ ਦੇ ਚੁਲੇ ਠੰਡੇ ਰਹਿਣ ਦੇ ਹਾਲਾਤ ਪੈਦਾ ਹੋ ਗਏ ਸਨ।

ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਜਿਲਾ ਫਰੀਦਕੋਟ ਦੇ ਸਕੱਤਰ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹੋਵੇ ਜਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ, ਦੋਹਾਂ ਦੀਆਂ ਨੀਤੀਆਂ ਲੋਕ ਵਿਰੋਧੀ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਵਾਲੀਆਂ ਹਨ। ਇੱਕ ਮਤਾ ਪਾਸ ਕਰਕੇ ਸਮਾਜਕ ਸੁਰੱਖਿਆ ਪੈਨਸ਼ਨਾਂ ਵਧਾ ਕੇ ਪੰਜ ਹਜ਼ਾਰ ਰੁ ਮਹੀਨਾ ਕਰਨ, ਗਰੀਬਾਂ ਦੇ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ੇ ਮੁਆਫ਼ੀ ਕਰਨ, ਬੇਘਰ ਮਜ਼ਦੂਰਾਂ ਨੂੰ ਮਕਾਨ ਬਨਾਉਣ ਲਈ ਪੰਚਾਇਤੀ ਜਮੀਨ ਵਿੱਚੋਂ 10 ਮਰਲੇ ਦੇ ਪਲਾਟ ਦੇਣ ਅਤੇ ਪੜਤਾਲ ਦੇ ਨਾਂ ਤੇ ਕੱਟੇ ਗਏ ਰਾਸ਼ਨ ਕਾਰਡ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਗਈ।

ਦੂਜੇ ਮਤੇ ਰਾਹੀਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਏਟਕ ਦੀ ਦਿੱਲੀ ਵਿੱਚ ਹੋਣ ਜਾ ਰਹੀ ਕੌਮੀ ਕਾਨਫਰੰਸ ਨੂੰ ਸਫਲ ਬਨਾਉਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਮਾਸਟਰ ਗੁਰਚਰਨ ਮਾਨ, ਸੁਖਦਰਸ਼ਨ ਸ਼ਰਮਾ, ਰਾਮ ਸਰੂਪ ਚੰਦਭਾਨ ਅਤੇ ਮੁਖ਼ਤਿਆਰ ਸਿੰਘ ਭਾਣਾ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਜਗਤਾਰ ਸਿੰਘ ਰਾਜੋਵਾਲਾ, ਲਖਵਿੰਦਰ ਸਿੰਘ ਅਤੇ ਪੰਮਾ ਕਾਬਲਵਾਲਾ, ਗੁਰਮੇਲ ਸਿੰਘ ਨਵਾ ਕਿਲਾ, ਬੋਹੜ ਸਿੰਘ ਔਲ਼ਖ, ਸੋਹਨ ਸਿੰਘ ਮਰਾੜ, ਸੇਵਕ ਸਿੰਘ ਘੁਦੂਵਾਲਾ, ਜਸਪਾਲ ਸਿੰਘ ਅਤੇ ਜਸਵਿੰਦਰ ਸਿੰਘ ਦੀਪ ਸਿੰਘ ਵਾਲਾ, ਉੱਤਮ ਸਿੰਘ ਸਾਦਿਕ, ਗੁਰਮੇਲ ਸਿੰਘ ਅਤੇ ਪੂਰਨ ਸਿੰਘ ਛੰਜੀ ਨਵਾ ਕਿਲਾ, ਬੀਬੀ ਅਮਰਜੀਤ ਕੌਰ ਰਾਜੋਵਾਲਾ ਆਦਿ ਵਰਕਰ ਹਾਜ਼ਰ ਸਨ।

ਨਰੇਗਾ ਕਾਮੇ 21 ਨੂੰ ਐੱਸ ਡੀ ਐੱਮ ਦਫਤਰ ਅੱਗੇ ਲਾਉਣਗੇ ਧਰਨਾ : ਗਦਾਈਆ

ਨਾਭਾ (ਵਰਿੰਦਰ ਵਰਮਾ)

ਬੀ ਡੀ ਪੀ ਓ ਨਾਭਾ ਅਤੇ ਨਰੇਗਾ ਅਧਿਕਾਰੀਆਂ ਦੇ ਸਤਾਏ ਹੋਏ ਨਰੇਗਾ ਕਾਮਿਆਂ ਵੱਲੋਂ 21 ਫਰਵਰੀ ਨੂੰ ਐਸ ਡੀ ਐਮ ਨਾਭਾ ਦੇ ਦਫਤਰ ਅੱਗੇ ਧਰਨਾ ਲਾ ਕੇ ਇਨਸਾਫ ਦੀ ਮੰਗ ਕੀਤੀ ਜਾਵੇਗੀ। ਇਹ ਫੈਸਲਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ. ਏਟਕ ਤਹਿਸੀਲ ਨਾਭਾ ਦੀ ਮੀਟਿੰਗ 'ਚ ਕੀਤਾ ਗਿਆ।

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਟ੍ਰੇਡ ਯੂਨੀਅਨ ਆਗੂ ਸੋਹਣ ਸਿੰਘ ਸਿੱਧੂ, ਸੀ ਪੀ ਆਈ ਦੇ ਤਹਿਸੀਲ ਸੱਕਤਰ ਬਲਦੇਵ ਸਿੰਘ ਬਾਬਰਪੁਰ, ਨਰੇਗਾ ਆਗੂ ਅਜੈਬ ਸਿੰਘ ਤੁੰਗਾਂ, ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਕੌਰ ਗਦਾਈਆ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਚਾਇਤ ਚੌਣਾਂ ਤੋਂ ਬਾਅਦ ਬੀ ਡੀ ਪੀ ਓ ਨਾਭਾ ਸਿਆਸੀ ਪ੍ਰਭਾਵ ਹੇਠ ਨਰੇਗਾ ਕਾਮਿਆਂ ਨਾਲ ਧੱਕਾ ਕਰ ਰਹੇ ਹਨ, ਨਰੇਗਾ ਐਕਟ 2005 ਦੀਆਂ ਧੱਜੀਆਂ ਉਡਾਉਂਦੇ ਹੋਏ ਆਪਣੀਂ ਮਰਜ਼ੀ ਨਾਲ ਤੇ ਪਿੰਡਾਂ ਦੇ ਘੱਟ ਗਿਣਤੀ ਸਰਪੰਚਾਂ ਦੇ ਦਬਾਅ ਹੇਠ ਮੇਟ ਕਾਮਿਆਂ ਦੀ ਅਸਹਿਮਤੀ ਦੇ ਬਾਵਜੂਦ ਥੋਪ ਰਹੇ ਹਨ, ਕਾਮਿਆਂ ਨੂੰ ਅਰਜ਼ੀਆਂ ਦਰਜ ਕਰਵਾਉਣ ਦੇ ਬਾਵਜੂਦ ਵੀ ਕੰਮ ਨਹੀਂ ਦਿੱਤਾ ਜਾ ਰਿਹਾਂ, ਉਹਨਾਂ ਕਿਹਾ ਕਿ ਪਿੰਡ ਗਦਾਈਆ ਦੇ ਕਾਮਿਆਂ ਨੇ 8 -6 - 2024 ਨੂੰ ਦਰਜ ਕਰਵਾਈਆਂ ਸਨ, ਇਹਨਾਂ ਕਾਮਿਆਂ ਨੂੰ ਅੱਜ ਤੱਕ ਕੰਮ ਨਹੀਂ ਦਿੱਤਾ ਗਿਆ, ਜਦੋਂ ਕਾਮੇਂ ਸੰਬੇਧਿਤ ਅਧਿਕਾਰੀਆਂ ਨਾਲ ਸੰਪਰਕ ਕਰਦੇ ਹਨ ਤਾਂ ਲਾਰਿਆਂ ਤੋਂ ਬਿਨਾਂ ਕੁੱਝ ਵੀ ਪੱਲੇ ਨਹੀਂ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਾਭਾ ਹਲਕੇ ਕਈ ਦਰਜਨਾਂ ਪਿੰਡਾਂ ਵਿੱਚ ਪੰਚਾਇਤੀ ਚੋਣਾਂ ਤੋਂ ਬਾਅਦ ਵੀ ਕੰਮ ਦੀ ਮੰਗ ਕਰਨ ਦੇ ਬਾਵਜੂਦ ਵੀ ਕੰਮ ਨਹੀਂ ਦਿੱਤਾ ਗਿਆ, ਨਾ ਬੇਰੁਜਗਾਰੀ ਭੱਤੇ ਦੀਆਂ ਅਰਜੀਆਂ ਲਈਆਂ ਜਾ ਰਹੀਆਂ ਹਨ, ਇਸ ਦਫਤਰ ਵੱਲੋਂ ਨਰੇਗਾ ਭਾਵਨਾ ਦੇ ਉਲਟ ਪੇਂਡੂ ਮਜਦੂਰ ਕਾਮਿਆਂ ਨੂੰ ਭੁੱਖੇ ਮਾਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਅੱਕੇ ਹੋਏ ਕਾਮੇਂ 21 ਫਰਵਰੀ ਨੂੰ ਐਸ ਡੀ ਐਮ ਦਰਜ ਧਰਨਾ ਦੇ ਕੇ ਇਨਸਾਫ ਦੀ ਮੰਗ ਕਰਨਗੇ। ਜੇਕਰ ਕਾਮਿਆਂ ਨੂੰ ਫਿਰ ਇਨਸਾਫ ਨਾ ਮਿਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਡੀ ਸੀ ਦਫਤਰ ਪਟਿਆਲਾ ਵਿਖੇ ਵੀ ਧਰਨਾ ਲਾਕੇ ਆਪਣਾ ਹੱਕ ਪ੍ਰਾਪਤ ਕਰਨ ਲਈ ਚਾਰਾਜੋਈ ਕੀਤੀ ਜਾਵੇਗੀ।

ਅਧਿਆਪਕਾਂ ਦੀ ਤੂੰ-ਤੂੰ ਮੈਂ 'ਚ ਫਸੀ ਸਕੂਲ ਦੀ ਆਰਡਰ ਬੁੱਕ

ਸਿਰਸਾ (ਸੁਰਿੰਦਰ ਪਾਲ ਸਿੰਘ)

ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੰਡਰੀ ਸਕੂਲ ਬੱਪਾਂ ਦੇ ਅਧਿਆਪਕ ਭਾਰਤ ਭੂਸ਼ਣ ਵੱਲੋਂ ਸਕੂਲ ਇੰਚਾਰਜ ਸਮੇਤ ਇੱਕ ਹੋਰ ਅਧਿਆਪਕ 'ਤੇ ਹਮਲਾ ਕਰਨ ਤੇ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਲਾਉਦਿਆਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਾਈ ਹੈ।

ਬੱਪਾ ਸਕੂਲ ਦੇ ਅਧਿਆਪਕ ਭਾਰਤ ਭੂਸ਼ਣ ਦਾ ਕਹਿਣਾ ਸੀ ਕਿ ਉਸ ਨੂੰ ਸੀਬੀਐਸਈ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ ਲਈ ਕਾਲਾਂਵਾਲੀ ਵਿਖੇ ਨਿਰੀਖਕ ਵਜੋਂ ਤਾਇਨਾਤ ਕੀਤਾ ਗਿਆ ਸੀ।ਬੋਰਡ ਦੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਭਾਰਤ ਭੂਸ਼ਨ ਨੇ ਸਕੂਲ ਇੰਚਾਰਜ ਨੂੰ ਕਿਹਾ ਕਿ ਉਸਦੀ ਧੀ ਸੀਬੀਐਸਈ ਦੀ ਪ੍ਰੀਖਿਆ ਦੇ ਰਹੀ ਹੈ, ਇਸ ਲਈ ਉਸਨੂੰ ਡਿਊਟੀ ਨਹੀਂ ਦਿੱਤੀ ਜਾ ਸਕਦੀ, ਪਰ ਇਸਦੇ ਬਾਵਜੂਦ ਵੀ ਸਕੂਲ ਇੰਚਾਰਜ ਸਕੂਲ ਇੰਚਾਰਜ ਪ੍ਰਕਾਸ਼ ਸਿੰਘ ਅਤੇ ਇੱਕ ਹੋਰ ਅਧਿਆਪਕ ਵਲੋ ਆਡਰ ਬੁੱਕ ਵਿਚ ਆਰਡਰ ਜਾਰੀ ਕਰਕੇ ਉਸ ਨੂੰ ਬੇਲੋੜਾ ਮਾਨਸਿਕ ਪ੍ਰੇਸ਼ਾਨ ਕੀਤਾ ਗਿਆ।

ਦੂਜੇ ਪਾਸੇ ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੰਡਰੀ ਸਕੂਲ ਬੱਪਾਂ ਦੇ ਇੰਚਾਰਜ ਪ੍ਰਕਾਸ਼ ਸਿੰਘ ਦਾ ਕਹਿਣਾ ਹੈ ਕਿ ਬੋਰਡ ਵੱਲੋਂ ਪ੍ਰੀਖਿਆ ਨਿਰੀਖਕਾਂ ਲਈ ਅਧਿਆਪਕਾਂ ਦੇ ਨਾਂਅ ਮੰਗੇ ਗਏ ਸਨ।ਇਸ ਤਹਿਤ ਉਸ ਨੇ ਭਾਰਤ ਭੂਸ਼ਣ ਦਾ ਨਾਂਅ ਭੇਜਿਆ ਸੀ।ਇਸ ਕਾਰਨ ਉਸ ਨੇ ਭਾਰਤ ਭੂਸ਼ਣ ਨੂੰ ਆਰਡਰ ਬੁੱਕ ਤੋਂ ਹੁਕਮ ਨੋਟ ਕਰਨ ਲਈ ਕਿਹਾ ਤਾਂ ਭਾਰਤ ਭੂਸ਼ਣ ਨੇ ਆਰਡਰ ਬੁੱਕ 'ਤੇ ਹੀ ਕੁਝ ਲਿਖਣਾ ਸ਼ੁਰੂ ਕੀਤਾ ਤਾਂ ਉਸਨੇ ਭਾਰਤ ਭੂਸ਼ਨ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ।

ਸਕੂਲ ਇੰਚਾਰਜ ਪ੍ਰਕਾਸ਼ ਸਿੰਘ ਨੇ ਭਾਰਤ ਭੂਸ਼ਨ ਦੇ ਦੋਸ਼ਾ ਨੂੰ ਬੇ-ਬੁਨਿਆਦ ਦੱਸਿਆ। ਹੁਣ ਦੇਖਣਾ ਬਣਦਾ ਹੈ ਕਿ ਸਿਖਿਆ ਵਿਭਾਗ ਦੇ ਵੱਡੇ ਅਧਿਕਾਰੀਆਂ ਦੀਆਂ ਹਦਾਇਤਾ ਤੇ ਸਰਕਾਰੀ ਹੁਕਮਾਂ ਦੀ ਤਾਲੀਮ ਹੁੰਦੀ ਹੈ ਜਾਂ ਇੰਚਾਰਜ ਵੱਲੋਂ ਲਿਖੇ ਹੁਕਮ ਰੱਦ ਹੁੰਦੇ ਹਨ।

ਕਾਤਰਾਂ

ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਵਿਖੇ ਬਰਸੀ ਸਮਾਗਮ

ਮਾਛੀਵਾੜਾ ਸਾਹਿਬ (ਸ਼ੋਕੀ ਸ਼ਰਮਾ, ਜਗਦੀਸ਼ ਰਾਏ) ਇਤਿਹਾਸਕ ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਵਿਖੇ ਸੰਤ ਬਾਬਾ ਹਰਬੰਸ ਸਿੰਘ ਜੀ, ਬਾਬਾ ਕਰਨੈਲ ਸਿੰਘ, ਬਾਬਾ ਜਰਨੈਲ ਸਿੰਘ, ਬਾਬਾ ਮਾਨ ਸਿੰਘ (ਕਾਰ ਸੇਵਾ ਵਾਲੇ) ਦੇ ਬਰਸੀ ਸਮਾਗਮ 17 ਤੇ 18 ਫਰਵਰੀ ਨੂੰ ਮਨਾਏ ਜਾ ਰਹੇ ਹਨ। ਬਾਬਾ ਲਖਵੀਰ ਸਿੰਘ ਨੇ ਦੱਸਿਆ ਕਿ 16 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋ ਗਏ ਹਨ, ਜਿਨ੍ਹਾਂ ਦੇ 18 ਫਰਵਰੀ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ 17 ਤੇ 18 ਫਰਵਰੀ ਨੂੰ ਦੋਵੇਂ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿਚ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਕੀਰਤਨੀਏ, ਕਥਾਵਾਚਕ ਅਤੇ ਢਾਡੀ ਜੱਥੇ ਬਾਣੀ ਦਾ ਰਸਭਿੰਨਾ ਕੀਰਤਨ ਕਰਨਗੇ। ਸੰਗਤਾਂ ਲਈ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

ਸੁਖਦੇਵ ਸਿੰਘ ਸੁੱਖੀ ਨਮਿਤ ਅੰਤਮ ਅਰਦਾਸ ਅੱਜ



ਜਲਾਲਾਬਾਦ (ਸੰਗੀਰ ਕੌਰ ਫ਼ਲੀਆਂਵਾਲਾ)-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਸਬ ਡਵੀਜ਼ਨ ਵਿਖੇ ਸੇਵਾਵਾਂ ਦੇ ਰਹੇ ਫਿਟਰਕੁਲੀ ਸੁਖਦੇਵ ਸਿੰਘ ਬੱਤਰਾ (ਸੁੱਖੀ) ਦਾ ਅਚਾਨਕ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਤੇ ਅੰਤਿਮ ਅਰਦਾਸ 18 ਫਰਵਰੀ ਨੂੰ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਜਲਾਲਾਬਾਦ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗੀ।

ਮੁਫ਼ਤ ਮੈਡੀਕਲ ਕੈਂਪ ਭਲਕੇ

ਮਮਦੋਟ (ਜਸਬੀਰ ਸਿੰਘ ਕੰਬੋਜ)-ਫਿਰੋਜ਼ਪੁਰ ਫਾਜ਼ਿਲਕਾ ਮੁੱਖ ਮਾਰਗ 'ਤੇ ਪਿੰਡ ਨਵਾਂ ਕਿਲਾ ਅਤੇ ਕਰੀ ਕਲਾਂ ਦੇ ਦਰਮਿਆਨ ਸਥਿਤ ਬਾਬਾ ਅਮਰ ਸਿੰਘ ਜੀ ਸ਼ਹੀਦ ਗਰਦੁਆਰਾ ਢਾਬਸਰ ਕਰੀ ਕਲਾਂ ਵਿਖੇ ਜੈਨਸਿਸ ਅਮਨਦੀਪ ਮਲਟੀ ਸਪੈਸ਼ਲਿਸਟੀ ਹਸਪਤਾਲ ਫਿਰੋਜ਼ਪੁਰ ਵੱਲੋਂ ਮੁਫ਼ਤ ਮੈਡੀਕਲ ਕੈਂਪ ਕੱਲ੍ਹ ਮਿਤੀ 19 ਫਰਵਰੀ ਬੁਧਵਾਰ ਨੂੰ ਲਗਾਇਆ ਜਾ ਰਿਹਾ ਹੈ। ਗੁਰਦੁਆਰਾ ਢਾਬ ਸਰ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਬੋਰੀ ਵਾਲਾ ਅਤੇ ਜੈਨਸਿਸ ਅਮਨਦੀਪ ਹਸਪਤਾਲ ਫਿਰੋਜ਼ਪੁਰ ਦੇ ਮੈਨੇਜਿੰਗ ਡਾਇਰੈਕਟਰ ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਗੁਰਦੁਆਰਾ ਢਾਬ ਸਰ ਵਿਖੇ ਸਵੇਰੇ 9ਵਜੇ ਤੋਂ ਬਾਅਦ ਦੁਪਹਿਰ ਇੱਕ ਵਜੇ ਤੱਕ ਲਗਾਏ ਜਾ ਰਹੇ ਇਸ ਕੈਂਪ ਵਿੱਚ ਹੱਡੀਆਂ ਅਤੇ ਜੋੜਾਂ, ਨੱਕ ਕੰਨ ਅਤੇ ਗਲਾ, ਦਿਲ ਦੇ ਰੋਗਾਂ ਅਤੇ ਜਨਰਲ ਮੈਡੀਸਨ ਦੇ ਮਾਹਿਰ ਡਾਕਰ ਸਹਿਬਾਨ ਵੱਲੋਂ ਮਰੀਜਾਂ ਦਾ ਫਰੀ ਚੈਕਅੱਪ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ।ਕੈਂਪ ਵਿੱਚ ਆਉਣ ਵਾਲੇ ਮਰੀਜ ਆਪਣੇ ਨਾਲ ਆਪਣੀਆਂ ਪਹਿਲਾਂ ਵਾਲੇ ਐਕਸ ਰੇ ਅਤੇ ਰਿਪੋਰਟਾਂ ਨਾਲ ਲੈ ਕੇ ਆਉਣ।

ਲੁੱਟਾਂ-ਖੋਹਾਂ ਬਣ ਰਹੀਆਂ ਵੱਡੀ ਚਿੰਤਾ ਦਾ ਵਿਸ਼ਾ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਗੁਰੂਆਂ, ਪੀਰਾਂ ਤੇ ਪੰਜਾਂ ਦਰਿਆਵਾਂ ਦੀ ਧਰਤੀ ਨੂੰ ਵੈਸੇ ਤਾਂ ਅਨੇਕ ਸਮੱਸਿਆਵਾਂ ਹਨ, ਜਿਵੇਂ ਬੇਰੁਜ਼ਗਾਰੀ, ਭੁੱਖਮਰੀ ਦਾਜ ਦੀ ਸਮੱਸਿਆ ਨਸ਼ੇਖੋਰੀ ਵਿਦੇਸ਼ਾਂ ਵਿੱਚ ਧੜਾ ਧੜਾ ਬੱਚੇ ਸੈਟਲ ਕਰਨ ਦੀ ਚਿੰਤਾ, ਪ੍ਰੰਤੂ ਪੰਜਾਬ 'ਚ ਲੁੱਟਾਂ ਖੋਹਾਂ ਹੋਣ ਦਾ ਮਾਹੌਲ ਹੱਦਾਂ ਬੰਨੇ ਟੱਪ ਚੁੱਕਿਆ ਹੈ।ਨਸ਼ੇ ਦੀ ਲਤ ਵਿੱਚ ਲੱਗਾ ਨੌਜਵਾਨ ਆਪਣੀ ਅਸਲ ਸਮਝ ਤਿਆਗ ਕੇ ਸਿਰਫ਼ ਨਸ਼ੇ ਦੀ ਪੂਰਤੀ ਕਰ ਰਿਹਾ ਹੈ, ਜਿਵੇਂ ਰਾਹਗੀਰਾਂ ਤੋਂ ਲੁੱਟ-ਖਸੁੱਟ ਕਰਨੀ, ਗਰੀਬ ਔਰਤਾਂ ਦੀਆਂ ਵਾਲੀਆਂ, ਮੋਬਾਇਲ, ਪਰਸ ਆਦਿ ਝਪਟ ਮਾਰ ਲੈ ਜਾਂਦੇ ਹਨ। ਜਨਤਾ ਦੀ ਮੰਗ ਹੈ ਕਿ ਲੁਟੇਰੇ ਗਿਰੋਹ ਦਾ ਪਰਦਾਫ਼ਾਸ਼ ਕਰਕੇ ਸੁਖਾਵਾਂ ਮਾਹੌਲ ਤਿਆਰ ਕੀਤਾ ਜਾਵੇ।

ਭੁਮੱਦੀ ਵਿੱਖੇ ਗੁਰਮਤਿ ਸਮਾਗਮ ਅੱਜ

ਖੰਨਾ (ਸੁਖਵਿੰਦਰ ਸਿੰਘ ਭਾਦਲਾ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਿੰਡ ਭੁਮੱਦੀ ਨੇੜੇ ਖੰਨਾ ਜ਼ਿਲ੍ਹਾ ਲੁਧਿਆਣਾ ਵਿੱਖੇ ਮਿਤੀ 18 ਫਰਵਰੀ ਨੂੰ 10ਵਾਂ ਗੁਰਮਤਿ ਸਮਾਗਮ ਅਤੇ ਢਾਡੀ ਦਰਬਾਰ ਕਰਵਾਇਆ ਜਾ ਰਿਹਾ ਹੈ।ਬਾਬਾ ਗੁਰਮੇਲ ਸਿੰਘ ਕਾਰ ਸੇਵਾ ਵਾਲਿਆਂ ਨੇ ਦੱਸਿਆ ਕਿ 18 ਫਰਵਰੀ ਸਵੇਰੇ ਸ੍ਰੀ ਗੁਰੂ ਸ੍ਰੀ ਅਖੰਡ ਪਾਠ ਸਾਹਿਬ ਦੇ ਸੰਪੂਰਨ ਭੋਗ ਉਪਰੰਤ ਸਵੇਰੇ 8 .45 ਤੋਂ 9.15 ਤੱਕ ਭਾਈ ਸਾਹਿਬ ਭਾਈ ਜਗਦੀਪ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਪਿੰਡ ਭਮੱਦੀ ਵਾਲੇ ਗੁਰਮਤਿ ਵਿਚਾਰਾਂ ਕਰਨਗੇ ।ਉਪ੍ਰੰਤ ਇੰਟਰਨੈਸ਼ਨਲ ਢਾਡੀ ਜਥਾ ਗਿਆਨੀ ਗੁਲਜ਼ਾਰ ਸਿੰਘ

18 - February - Page - 6.qxd 2/17/2025 11:01 PM Page 1

ਜਨਤਕ ਸੂਚਨਾ

ਮੈਂ ਜੋਗਿੰਦਰ ਸਿੰਘ ਉਰਫ ਕਰਨੈਲ ਸਿੰਘ ਪੁੱਤਰ ਦਰਗਾਹ ਸਿੰਘ ਉਰਫ ਜਸਪਾਲ ਪੁੱਤਰ ਅਮੀ ਚੰਦ ਵਾਸੀ ਨੰਗਲੀ ਪੱਤੀ ਸਰਕਲ ਜਲਾਲਪੁਰ ਤਹਿਸੀਲ ਟਾਂਡਾ ਜਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ। ਕਿ ਮੇਰੇ ਦੋ ਨਾਮ ਜਿਵੇਂ ਕਿ ਜੋਗਿੰਦਰ ਸਿੰਘ ਉਰਫ ਕਰਨੈਲ ਸਿੰਘ ਪੁੱਤਰ ਦਰਗਾਹ ਸਿੰਘ ਉਰਫ ਜਸਪਾਲ ਪੁੱਤਰ ਅਮੀ ਚੰਦ ਦੇ ਨਾਮਾ ਨਾਲ ਪੁਕਾਰੇ ਜਾਂਦੇ ਸਨ। ਪਰ ਮੇਰਾ ਮਾਲ ਰਿਕਾਰਡ ਜਮਾਂਬੰਦੀ 2018/19 ਦੇ ਖਾਤਾ ਨੰਬਰ 7/10 ਵਿੱਚ ਨਾਮ ਇਕੱਲਾ ਕਰਨੈਲ ਸਿੰਘ ਅਤੇ ਪਿਤਾ ਜੀ ਦਾ ਨਾਮ ਜਸਪਾਲ ਸਿੰਘ ਹੀ ਦਰਜ ਹੈ। ਅਤੇ ਦਾਦਾ ਦਾ ਨਾਮ ਅਮੀ ਚੰਦ ਦਰਜ ਹੋਣਾ ਚਾਹੀਦਾ ਸੀ ਅਤੇ ਮੇਰੇ ਅਧਾਰ ਕਾਰਡ ਅਤੇ ਪੈਨ ਕਾਰਡ ਅਤੇ ਨੌਕਰੀ ਦੇ ਰਿਕਾਰਡ ਵਿੱਚ ਮੇਰਾ ਨਾਮ ਜੋਗਿੰਦਰ ਸਿੰਘ ਪੁੱਤਰ ਦਰਗਾਹ ਸਿੰਘ ਪੁੱਤਰ ਅਮੀ ਚੰਦ ਦਰਜ ਹੈ। ਇਹ ਕਿ ਹੋ ਮੈਂ ਹਲਫੀਆ ਬਿਆਨ ਵਿੱਚ ਹਕੀਕਤ ਬਿਆਨ ਦਰਜ ਕੀਤੀ ਹੈ ਕਿ ਉਸ ਮੁਤਾਬਿਕ ਮਾਲ ਰਿਕਾਰਡ ਵਿੱਚ ਮੇਰੇ ਦੋ ਨਾਮ ਕਰਨੈਲ ਸਿੰਘ ਉਰਫ ਜੋਗਿੰਦਰ ਸਿੰਘ ਪੁੱਤਰ ਜਸਪਾਲ ਉਰਫ ਦਰਗਾਹ ਸਿੰਘ ਪੁੱਤਰ ਅਮੀ ਚੰਦ ਦਰਜ ਬਣਦੇ ਕਾਨੂੰਨ ਅਨੁਸਾਰ ਕੀਤੇ ਜਾਣ। ਇਸ ਸਬੰਧੀ ਕਿਸੇ ਵੀ ਵਿਅਕਤੀ ਨੂੰ ਮੇਰੇ ਨਾਮਾ ਦੇ ਸੰਬੰਧ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਅੱਜ ਦੀ ਮਿਤੀ ਤੋਂ 15 ਦਿਨ ਦੇ ਅੰਦਰ ਅੰਦਰ ਆਪਣਾ ਇਤਰਾਜ਼ ਅਥਾਰਟੀ ਨੂੰ ਪੇਸ਼ ਕਰ ਸਕਦਾ ਹੈ।

COURT NOTICE

In the Court of Ms. Indu Bala
Addl. Civil Judge Senior Division, Khadoor Sahib
CNR. No. : PBTTB0000340-2022
CS/177/2022
NEXT DATE - 21.03.2025
Punjab National Bank
VS
Dalbir Singh

Publication Issued To defendant : Dalbir Singh S/o Buta Singh since deceased through his legal heir

1 (a). Sarwan Singh S/o Dalbir Singh R/o VPO Chak Kare Khan, Tehsil Khadur Sahib and Distt. Tarn Taran.

In above titled case the defendant(s)/ respondent(s) could not be served through ordinary manner. It is ordered that defendant(s)/ respondent(s) should appear in person or through counsel on 21.03.2025 at 10:00 am.

For details logon to https://highcourtchd.gov.in//?trs=district_notices&district=tarntarn

Addl. Civil Judge (Senior Division) Khadoor Sahib
Dated this day on 15.02.2025

COURT NOTICE

In The Court of
Ms. Gurpreet Kaur-II
Judicial Magistrate-1st Class-2 Zira
CNR No. PBFZA1-001961-2024
Next Date : 15-04-2025
Gagandeep Kaur
V/S
Gagandeep Singh Gill ect.
Detail of offence
Notice To :
Gagandeep Singh Gill ect.
Father :- Hardev Singh Gill, Kulla Road Ward No. 2 Patti Distt. Tarn Taran
2. Ram Kulwinder Kaur Gill W/o Late Hardev Singh Gill R/o Kulla Road,Ward No. 2 Patti, Distt.Tarn Taran
3. Sukhmanpreet Kaur Daughter (Name) Hardev Singh Gill, Kulla Road Ward No. 2 Patti Distt. Tarn Taran

In above titled case, the accused could not be served. It is ordered that accused should appear in person or through counsel on 15-04-2025 at 10.00 a.m.

For details logon to https://highcourtchd.gov.in/?mod=district_notice&district=mogacourt

Judicial Magistrate-1st Class-2 Zira
Dated, this day of 14-02-2025

COURT NOTICE

(U/o 5 Rule 20 CPC)
In the Court of
Ms. Minakshi Mahajan
Additional Civil Judge (Senior Division), Payal
CNR No. PBLDD0-000479-2024
Next Date: 06-05-2025
Raghbir Singh
Vs
General Public
Publication Issued to : General Public
: Payal

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 06.05.2025 at 10:00 A.M.

For details logon to https://highcourtchd.gov.in/?mod=district_notice&district=mogacourt

Additional Civil Judge (Senior Division), Payal
Dated this day of 11-02-2025

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਅਮਨਪ੍ਰੀਤ ਸਿੰਘ, ਪੀ. ਸੀ. ਐੱਸ., ਕੁਲੈਕਟਰ-ਕਮ-ਉਪ ਮੰਡਲ ਮੈਜਿਸਟਰੇਟ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।
ਕੇਸ ਨੰਬਰ : 14/ਬੀ.ਬੀ.ਐੱਸ.
ਪੇਸ਼ੀ ਮਿਤੀ : 19/02/2025
ਦਾਇਰ ਮਿਤੀ :31/01/2024
ਕੇਸ ਕਿਸਮ : ਮੁਤਨਾਜਾ ਇੰਤਕਾਲ ਨੰਬਰ 8129 ਵਾਕਿਆ ਰਕਬਾ ਬੁੱਢਾ ਥੇਹ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।
ਕੇਸ ਅਨੁਵਾਨ: ਪੂਜਾ ਸੋਧੀ ਬਨਾਮ ਦਾਨਿਸ਼ ਸੋਧੀ
(ਪਬਲਿਕ ਨੋਟਿਸ) :

ਇਸ ਅਦਾਲਤ ਵਿੱਚ ਸੀ.ਆਰ.ਓ. ਬਾਬਾ ਬਕਾਲਾ ਸਾਹਿਬ ਵੱਲੋਂ ਮੁਤਨਾਜਾ ਇੰਤਕਾਲ ਨੰਬਰ 8129 ਵਾਕਿਆ ਰਕਬਾ ਬੁੱਢਾ ਥੇਹ ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਪੇਸ਼ ਹੋਇਆ ਹੈ, ਜੋ ਇਸ ਅਦਾਲਤ ਵਿਚ ਜ਼ੇਰੇ ਸਮਾਇਤ ਹੈ।ਜਿਸ ਦੀ ਤਾਰੀਕ ਪੇਸ਼ੀ ਮਿਤੀ 19.02.2025 ਨਿਸ਼ਚਿਤ ਹੋਈ ਹੈ।ਇਸ ਕੇਸ ਵਿੱਚ ਉੱਤਰਵਾਦੀ ਦਾਨਿਸ਼ ਸੋਧੀ ਪੁੱਤਰ ਸਵੱਸ਼ਤ ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਹਾਲ ਵਾਸੀ ਲੁਧਿਆਣਾ ਦੀ ਇਤਲਾਹ ਲਈ ਵਾਰ-ਵਾਰ ਤਲਬੀ ਨੋਟਿਸ ਕਰਵਾਉਣ ਦੇ ਬਾਵਜੂਦ ਹਾਜ਼ਰ ਅਦਾਲਤ ਨਹੀਂ ਆਏ।ਉੱਤਰਵਾਦੀਆਂ ਦੀ ਸਧਾਰਨ ਸੰਮਨ / ਨੋਟਿਸ ਅਤੇ ਮੁਸਤਰੀ-ਮੁਨਾਦੀ ਨੋਟਿਸ ਰਾਹੀਂ ਇਤਲਾਹ ਕਰਵਾਉਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।ਇਸ ਲਈ ਹਰ ਆਮ ਅਤੇ ਖਾਸ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਆਪ ਨੂੰ ਇਸ ਕੇਸ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਨਿਸ਼ਚਿਤ ਮਿਤੀ 19.02.2025 ਨੂੰ ਦੁਪਹਿਰ 2:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦੇ ਹਨ।ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ।

ਇਹ ਇਸ਼ਤਿਹਾਰ ਅੱਜ ਮਿਤੀ 07.02.2025 ਨੂੰ ਮੇਰੇ ਹਸਤਾਖਰ ਅਤੇ ਮੋਹਰ ਨਾਲ ਜਾਰੀ ਕੀਤਾ ਗਿਆ ਹੈ।
ਕੁਲੈਕਟਰ-ਕਮ-ਉਪ ਮੰਡਲ ਮੈਜਿਸਟਰੇਟ,
ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ)
ਨੰਬਰ : ਰੀਡਰ /ਐੱਸ ਡੀ ਐੱਮ/91 ਮਿਤੀ : 7.2.2025

8 ਨੂੰ ਲੱਗੇਗੀ ਕੌਮੀ ਲੋਕ ਅਦਾਲਤ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾਂ-ਨਿਰਦੇਸ਼ਾਂ ਅਤੇ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ ਨਗਰ ਦੇ ਪ੍ਰਾਪਤ ਹੁਕਮਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ 'ਤੇ ਆਏ ਰਾਜ਼ੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਜ਼ਿਲ੍ਹੇ ਵਿਚ 8 ਮਾਰਚ, ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ।ਜ਼ਿਲ੍ਹਾ ਅਤੇ ਸੈਸ਼ਨ ਜੱਜ ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿਚ ਬੀ.ਐਸ.ਐਨ.ਐਲ ਦੇ ਕੇਸ, ਬੀਮਾ ਕੰਪਨੀ ਦੇ ਨਾਲ ਸਬੰਧਤ ਕੇਸ, ਵਿੱਤੀ ਫਾਂਈਨਾਸ ਦੇ ਕੇਸ, ਬੈਂਕਾਂ ਦੇ ਲੋਨ ਨਾਲ ਸਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕਪਾਉਂਡੇਬਲ ਕੇਸ, ਚੈੱਕ ਬਾਊਂਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸਬੰਧਿਤ ਕੇਸ, ਵਿਵਾਹਿਕ ਝਗੜੇ, ਟ੍ਰੈਫਿਕ ਚਲਾਨ, ਲੇਬਰ ਝਗੜੇ, ਬਿਜਲੀ ਦੇ ਕੇਸ ਅਤੇ ਹੋਰ ਰਾਜ਼ੀਨਾਮਾ ਹੋਣ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ।

COURT NOTICE

In The Court Of
Sh. Akbar Khan
Judicial Magistrate -Ist Class - 2 Patiala
CNR No.:- PBPT03-011612-2022
Next Date:-18-04-2025
Detail of offence:- 138 NI ACT
Harjot Singh Tiwana
Vs
Ram Gopal

Notice To:
Ram Gopal S/o Kaur Singh H.NO. 231, Ward No.17-A, Mahesh Nagar Dhuri, Sangrur

In above titled case, the accused could not be served. It is ordered that accused should appear in person or through counsel on 18-04-2025 at 10.00 a.m.

For details logon to https://highcourtchd.gov.in/?mod=district_notice&district=patiala

Judicial Magistrate - Ist Class -2 Patiala
Dated, this day of 14-02-2025

COURT NOTICE

(U/o 5 Rule 20 CPC)
In The Court Of
Ms. Ekta Sedha
Civil Judge Junior Division - 1 Samana, Samana
CNR No. PBPTC0-001458-2022
Next Date:- 26-03-2025
Dara Singh Vs
Manjinder Singh Now Deceased

Publication Issued To:
Manjinder Singh Now Deceased Through His Lrs Paramjit @ Pammo - Daughter Of Balihar Singh R/o Village Gharam, Tehsil And Distt. Patiala

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-03-2025 at 10:00 a.m.

For details logon to https://highcourtchd.gov.in/?mod=district_notice & district=patiala

Civil Judge Junior Division - 1 Samana, Samana
Dated, this day of 13-02-2025

SBFC Finance Limited
Unit No. 103, C&B Square, Sangam Complex, Andheri Kurla Road, Chakala, Andheri East, Mumbai - 400059 I Telephone: + 91 22 67875300
www.sbfc.com I CIN : L67190MH2008PLC178270

ਜਨਤਕ ਸੂਚਨਾ

ਪਿਆਰੇ ਗਾਹਕੋ,
ਇਹ ਤੁਹਾਡੀ ਜਾਣਕਾਰੀ ਲਈ ਹੈ ਕਿ ਐਸ ਬੀ ਐਫ ਸੀ ਫਾਈਨਾਸ ਲਿਮਟਿਡ, 9 ਦੀਪ ਕੰਪਲੈਕਸ, ਦੂਸੀ ਮੰਜ਼ਲ ਐਪਸਨ ਸਰਵਿਸ ਦੇ ਉਪਰ, ਮਾਲ ਰੋਡ, ਨੇੜੇ ਸਵਾਨੀ ਮੋਟਰਜ਼, ਅੰਮ੍ਰਿਤਸਰ ਪੰਜਾਬ-143001 ਵਿਖੇ ਸਥਿਤ ਸਾਡੀ ਅੰਮ੍ਰਿਤਸਰ ਬਰਾਂਚ ਨੂੰ ਮਿਤੀ 22.05.2025 ਤੋਂ ਬੰਦ ਕਰਨ ਦਾ ਚਾਹਵਾਨ ਹੈ।
ਤੁਸੀਂ ਸੰਬੰਧਤ ਬੇਨਤੀਆਂ ਦੀ ਸੇਵਾ ਲਈ ਸਾਡੀ ਨਜ਼ਦੀਕੀ ਬਰਾਂਚ ਨਾਲ ਸੰਪਰਕ ਕਰ ਸਕਦੇ ਹੋ।

SBFC Finance Limited
Unit No. 103, C&B Square, Sangam Complex, Andheri Kurla Road, Chakala, Andheri East, Mumbai - 400059 I Telephone: + 91 22 67875300
www.sbfc.com I CIN : L67190MH2008PLC178270

ਜਨਤਕ ਸੂਚਨਾ

ਪਿਆਰੇ ਗਾਹਕੋ,
ਇਹ ਤੁਹਾਡੀ ਜਾਣਕਾਰੀ ਲਈ ਹੈ ਕਿ ਐਸ ਬੀ ਐਫ ਸੀ ਫਾਈਨਾਸ ਲਿਮਟਿਡ, ਪਹਿਲੀ ਮੰਜ਼ਲ, ਬਿਆਰਾ ਕੰਪਲੈਕਸ ਐਸ ਬੀ ਆਈ ਬੈਂਕ (ਐਨ ਆਰ ਆਈ) ਦੇ ਉਪਰ, ਬੱਸ ਅੱਡੇ ਦੇ ਨੇੜੇ, ਜਲੰਧਰ ਰੋਡ, ਕਮਾਲਪੁਰ, ਹੁਸ਼ਿਆਰਪੁਰ-146001 ਪੰਜਾਬ ਵਿਖੇ ਸਥਿਤ ਹੁਸ਼ਿਆਰਪੁਰ ਬਰਾਂਚ ਨੂੰ ਮਿਤੀ 22.05.2025 ਤੋਂ ਬੰਦ ਕਰਨ ਦਾ ਚਾਹਵਾਨ ਹੈ।
ਤੁਸੀਂ ਸੰਬੰਧਤ ਬੇਨਤੀਆਂ ਦੀ ਸੇਵਾ ਲਈ ਸਾਡੀ ਨਜ਼ਦੀਕੀ ਬਰਾਂਚ ਨਾਲ ਸੰਪਰਕ ਕਰ ਸਕਦੇ ਹੋ।

SBFC Finance Limited
Unit No. 103, C&B Square, Sangam Complex, Andheri Kurla Road, Chakala, Andheri East, Mumbai - 400059 I Telephone: + 91 22 67875300
www.sbfc.com I CIN : L67190MH2008PLC178270

ਜਨਤਕ ਸੂਚਨਾ

ਪਿਆਰੇ ਗਾਹਕੋ,
ਇਹ ਤੁਹਾਡੀ ਜਾਣਕਾਰੀ ਲਈ ਹੈ ਕਿ ਐਸ ਬੀ ਐਫ ਸੀ ਫਾਈਨਾਸ ਲਿਮਟਿਡ, 2478/4,ਪਹਿਲੀ ਮੰਜ਼ਲ, ਨੇੜੇ ਗਰੇਵਾਲ ਹਸਪਤਾਲ, ਜਨਤਾ ਨਗਰ, ਗਿੱਲ ਰੋਡ, ਲੁਧਿਆਣਾ-141005 ਵਿਖੇ ਸਥਿਤ ਲੁਧਿਆਣਾ ਬਰਾਂਚ ਨੂੰ ਮਿਤੀ 22.05.2025 ਤੋਂ ਬੰਦ ਕਰਨ ਦਾ ਚਾਹਵਾਨ ਹੈ।
ਤੁਸੀਂ ਸੰਬੰਧਤ ਬੇਨਤੀਆਂ ਦੀ ਸੇਵਾ ਲਈ ਸਾਡੀ ਨਜ਼ਦੀਕੀ ਬਰਾਂਚ ਨਾਲ ਸੰਪਰਕ ਕਰ ਸਕਦੇ ਹੋ।

SBFC Finance Limited
Unit No. 103, C&B Square, Sangam Complex, Andheri Kurla Road, Chakala, Andheri East, Mumbai - 400059 I Telephone: + 91 22 67875300
www.sbfc.com I CIN : L67190MH2008PLC178270

ਜਨਤਕ ਸੂਚਨਾ

ਪਿਆਰੇ ਗਾਹਕੋ,
ਇਹ ਤੁਹਾਡੀ ਜਾਣਕਾਰੀ ਲਈ ਹੈ ਕਿ ਐਸ ਬੀ ਐਫ ਸੀ ਫਾਈਨਾਸ ਲਿਮਟਿਡ, ਐਸ ਸੀ ਓ 3, ਤੀਜੀ ਮੰਜ਼ਲ, ਪੁੱਡਾ ਕੰਪਲੈਕਸ, ਲਾਡੋਵਾਲੀ ਰੋਡ, ਨੇੜੇ ਦੈਨਿਕ ਭਾਸਕਰ, ਜਲੰਧਰ-144001 ਵਿਖੇ ਸਥਿਤ ਜਲੰਧਰ ਬਰਾਂਚ ਨੂੰ ਮਿਤੀ 22.05.2025 ਤੋਂ ਬੰਦ ਕਰਨ ਦਾ ਚਾਹਵਾਨ ਹੈ।
ਤੁਸੀਂ ਸੰਬੰਧਤ ਬੇਨਤੀਆਂ ਦੀ ਸੇਵਾ ਲਈ ਸਾਡੀ ਨਜ਼ਦੀਕੀ ਬਰਾਂਚ ਨਾਲ ਸੰਪਰਕ ਕਰ ਸਕਦੇ ਹੋ।

ਜਨਤਕ ਸੂਚਨਾ

ਜਾਣਕਾਰੀ ਅਤੇ ਇਤਰਾਜ਼ ਪ੍ਰਾਪਤ ਕਰਨ ਲਈ ਸੂਚਿਤ ਕੀਤਾ ਜਾ ਰਿਹਾ ਹੈ, ਜੇ ਆਮ ਪਬਲਿਕ ਨੂੰ ਹੋਵੇ ਕਿ ਸਾਡਾ ਮੁਅੱਕਲ ਪਰਮਿੰਦਰਜੀਤ ਸਿੰਘ ਪੁੱਤਰ ਸ: ਅਮਰੀਕ ਸਿੰਘ, ਵਾਸੀ ਮਕਾਨ ਨੰਬਰ ਐਫ-14-19-ਏ, ਫੇਸ-1, ਗੁਰੂ ਗੋਬਿੰਦ ਸਿੰਘ ਨਗਰ, ਮਜੀਠਾ ਰੋਡ ਨੇੜੇ ਪਾਰਕ, ਅੰਮ੍ਰਿਤਸਰ ਨੂੰ ਐਲ.ਆਈ.ਸੀ. ਹਾਊਸਿੰਗ ਫਾਈਨਾਂਸ ਲਿ: ਏਰੀਆ ਦਫ਼ਤਰ ਅੰਮ੍ਰਿਤਸਰ ਨੂੰ ਮਕਾਨ ਬਣਾਉਣ ਲਈ ਕਰਜ਼ਾ ਮਨਜ਼ੂਰ ਕੀਤਾ ਗਿਆ ਹੈ ਅਤੇ ਮਾਲਕ ਪਰਮਿੰਦਰਜੀਤ ਸਿੰਘ ਪੁੱਤਰ ਸ: ਅਮਰੀਕ ਸਿੰਘ ਜਾਇਦਾਦ ਦਾ ਮਾਲਕ ਇਕ ਕਿਤਾ ਜਾਇਦਾਦ ਨੰਬਰ ਐਫ-14-19-ਏ, ਖਸਰਾ ਨੰਬਰ 1714/85 ਮਿੰਨ, ਵਾਕਿਆ ਰਕਬਾ ਅੰਮ੍ਰਿਤਸਰ ਸਬ-ਅਰਬਨ ਸਰਕਲ ਨੰਬਰ 110, ਅਬਾਦੀ ਗੁਰੂ ਗੋਬਿੰਦ ਸਿੰਘ ਨਗਰ, ਫੇਸ-1, ਸਬ-ਡਵੀਜ਼ਨ ਨੰਬਰ-2, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਹਾਂ। ਸੂਚਿਤ ਕੀਤਾ ਜਾਂਦਾ ਹੈ ਕਿ ਪੁਰਾਣੀ ਰਜਿਸਟਰੀ, ਜਿਹੜੀ ਕਿ ਮਿਤੀ 08.01.2015 ਨੂੰ ਗੁਮਾਚ ਗਈ ਸੀ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ।11) ਅਸਲ ਪੁਰਾਣੀ ਰਜਿਸਟਰੀ ਵਸੀਕਾ ਨੰ: 5825 ਮਿਤੀ 26.08.1985 ਗੁਮਾਚ ਗਈ ਸੀ ਅਤੇ ਇਸ ਸੰਬੰਧ ਵਿੱਚ ਡੀ.ਡੀ.ਆਰ. ਨੰਬਰ 25 ਮਿਤੀ 08.01.2015 ਰਜਿਸਟਰਡ ਪੀ.ਐਸ. ਮਜੀਠਾ ਰੋਡ, ਅੰਮ੍ਰਿਤਸਰ ਵਿਚ ਰਜਿਸਟਰਡ ਹੈ। ਜੇਕਰ ਕੋਈ ਵਿਅਕਤੀ ਕੋਈ ਕਲੇਮ, ਹੱਕ ਜਾਂ ਰੁਚੀ ਉਪਰੋਕਤ ਜਾਇਦਾਦ ਵਿਚ ਰੱਖਦਾ ਹੈ, ਕਿਸੇ ਵੀ ਤਰੀਕੇ ਸੇਲ, ਗਿਫਟ, ਲੀਜ-ਉਤਰਾ ਅਧਿਕਾਰ, ਤਬਦੀਲੀ ਰਹਿਣ, ਚਾਰਜ ਲੀਅਨ, ਟਰੱਸਟ ਪੁਜ਼ੀਸ਼ਨ ਅਟੈਚਮੈਂਟ ਜਾਂ ਹੋਰ ਕਿਸੇ ਵੀ ਤਰ੍ਹਾਂ ਨਾਲ ਰੱਖਦਾ ਹੋਵੇ, ਤਾਂ ਉਹ ਨਿਮਨਹਸਤਾਖਰੀ ਦੇ ਧਿਆਨ ਵਿਚ ਲਿਖਤੀ ਤੌਰ 'ਤੇ ਅਤੇ ਸਬੂਤ ਦਸਤਾਵੇਜ਼ ਗਵਾਹੀ ਨਾਲ ਇਸ ਨੋਟਿਸ ਦੇ ਜਾਰੀ ਹੋਣ ਦੀ ਤਾਰੀਖ ਤੋਂ 15 ਦਿਨਾਂ ਦੇ ਅੰਦਰ-ਅੰਦਰ ਲਿਆਵੇ, ਅਜਿਹਾ ਨਾ ਕਰਨ ਦੀ ਸੂਰਤ ਵਿਚ ਜੇਕਰ ਕੋਈ ਕਲੇਮ ਹੋਵੇਗਾ ਤਾਂ ਉਸ ਨੂੰ ਵਿਚਾਰਿਆ ਨਹੀਂ ਜਾਵੇਗਾ ਅਤੇ ਇਹ ਸਮਝਿਆ ਜਾਵੇਗਾ ਕਿ ਕੋਈ ਵਿਅਕਤੀ ਕਲੇਮ ਨਹੀਂ ਕਰ ਰਿਹਾ ਅਤੇ ਸਾਡਾ ਮੁਅੱਕਲ ਜਾਂ ਉਨ੍ਹਾਂ ਦੇ ਵਾਰਸ ਨੋਮਨੀ ਕਿਸੇ ਵੀ ਤਰੀਕੇ ਪਾਬੰਦ ਨਹੀਂ ਹੋਣਗੇ।
ਜੇ.ਕੇ. ਸਿੰਘ ਐਡਵੋਕੇਟ, ਚੈਂਬਰ ਨੰਬਰ 110-ਬੀ, ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ, ਮੋਬਾਇਲ ਨੰ:98886-73911

PUBLIC NOTICE

Under the instruction of Aadhar Housing Finance ltd I hereby informed the general public that Satnam Singh S/o Sawaran Singh R/o Dhand Tehsil & Distt Tarn Taran is the absolute owner of Property measuring 6 Marlas i.e having 13/1652 share out of khasra No.51//18/1, 18/2, 23/2, 51//9, 12, 13, 51//2, 51//22/1/1/1, 51//19, bearing Khewat Khatuni No. 255/719 to 723 as per jamabandi for the years 2013-14 bounded by East-Passage, West-Gurdawara, North-Vacant plot, South-Vacant plot, situated in the area of Dhand Sub Tehsil Chabal Kalan Distt Tarn Taran. And

That Satnam Singh S/o Sawaran Singh is taking Lap loan on above said property from Aadhar Housing Finance ltd 6th floor Burj Punjab, Sco no.9 Distt Shoping Complex Ranjit Avenue Amritsar and Satnam Singh 5/0 Sawaran Singh has lost his previous sale deed executed by Bhupinder Singh S/o Ajaib Singh in favour of Parveen Kaur W/o Sandeep Singh vide Doc no. 787 dated-03-09-2015, sale deed executed by Sanjeev Kumar Dumal S/o Roshan Lal Dumal Through GPA Mandeep Singh S/o Mahinder Singh in favour of Bhupinder Singh S/o Ajiab Singh vide Doc no. 2407 dated-13-02-2013 and has also been got registered DDR No. 566697/2025 dated 08-02-2025 in this respect. Anybody having claim or claiming any manner in this property or has raised loan by depositing the aforesaid document to any person/bank/corporation/ Financial institution may approach the undersigned and may submitted objections within 7 day from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Aadhar housing Finance Ltd.

Harpal Singh Nijjar(Advocate) Office address-First Floor, Above Bhagwan Dass Vasika Opp. NRI Police Station Kacheri Chownk Amritsar Mobile No. 9815610005

St. Soldier College of Education
Behind NIT, Jalandhar-Amritsar Byepass, Jalandhar
(Approved by NCTE, Affiliated by GNDU, Amritsar
Ph: 9915962997 e-mail: ssced@rediffmail.com

Invites online applications for the post of **Principal** on regular/contractual basis as per details on the College **website: www.ssced.in**
Qualifications and Grade as per **UGC/NCTE/Punjab Govt./GNDU norms.** Reservation Policy will be as per Punjab Govt. rules. Candidates must submit online application within **15 days** from the date of publication of advertisement. Candidates up to the age of 65 years can also apply. A copy of the application with all supporting documents along with a demand draft of Rs. 1180/- (non-refundable) in favour of Registrar, Guru Nanak Dev University, Amritsar may also be sent to **Dean, CDC, Guru Nanak Dev University, Amritsar** within stipulated time through Registered Post.
Note: Candidates must send the required documents along with the application as per the list available for Unaided Colleges in the CDC Portal on University website (www.gndu.ac.in). Incomplete application (without the required documents) 'or' the application received after due date will not be entertained.
Chairman

ਦਫਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ।

ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੁੱਚਾ ਸਿੰਘ (ਪੁੱਤਰ) ਲੇਟ ਗੁਰਬਚਨ ਸਿੰਘ ਵਾ ਤਰਸੇਮ ਸਿੰਘ (ਪੁੱਤਰ) ਵਾ ਹਰਜੀਤ ਸਿੰਘ (ਪੁੱਤਰ), ਸੁੱਚਾ ਸਿੰਘ ਵਾਸੀਆਨ ਮੁਹੱਲਾ ਚਰਖੜੀ ਕਰਤਾਰਪੁਰ ਜ਼ਿਲ੍ਹਾ ਜਲੰਧਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਮਕਾਨ ਯੂ.ਆਈ.ਡੀ. ਨੰਬਰ ਬੀ-02-0108 ਕੁੱਲ ਰਕਬਾ ਲੱਗਭੱਗ 1608 ਵਰਗ ਫੁੱਟ ਵਾਕਿਆ ਚਰਖੜੀ ਮੁਹੱਲਾ ਕਰਤਾਰਪੁਰ ਅਤੇ ਮਕਾਨ ਯੂ.ਆਈ.ਡੀ. ਨੰਬਰ ਬੀ-01-0240, ਕੁੱਲ ਰਕਬਾ ਲੱਗਭੱਗ 2115 ਵਰਗ ਫੁੱਟ ਵਾਕਿਆ ਰਾਈਆਂ ਵਾਲੀ ਗਲੀ ਚਰਖੜੀ ਮੁਹੱਲਾ ਕਰਤਾਰਪੁਰ, ਉਹਨਾਂ ਦੇ ਪਿਤਾ/ਦਾਦਾ ਦੀ ਮਲਕੀਤੀ ਹੈ। ਬਿਨੇਕਾਰਾਂ ਨੇ ਆਪਣਾ ਹਲਫੀਆ

18-FEB-PAGE-7.qxd 2/17/2025 10:56 PM Page 1

ਗੁਰਮੀਤ ਰਾਮ ਦੇ ਪਰਵਾਰ ਨੂੰ ਹਰ ਸਹਿਯੋਗ ਦਿੱਤਾ ਜਾਵੇਗਾ : ਵਿਧਾਇਕ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਦੇ ਵਾਰਡ 23 ਤਲਾਣੀਆਂ ਵਾਸੀ ਗੁਰਮੀਤ ਰਾਮ ਪੁੱਤਰ ਚੁੰਨੀ ਰਾਮ ਬੀਤੀ ਰਾਤ ਅਮਰੀਕਾ ਤੋਂ ਆਪਣੇ ਘਰ ਪਰਤ ਆਇਆ। ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਪਰਵਾਰ ਦੇ ਨਾਲ ਹਮਦਰਦੀ ਪ੍ਰਗਟ ਕਰਨ ਦੇ ਲਈ ਪਹੁੰਚੇ।ਉਨ੍ਹਾਂ ਪਰਵਾਰ ਦੀ ਵਿੱਤੀ ਹਾਲਤ ਸਬੰਧੀ ਜਾਣਕਾਰੀ ਲਈ ਤੇ ਭਰੋਸਾ ਦਿੱਤਾ ਕਿ ਉਨਾਂ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਕੀਤਾ ਜਾਵੇਗਾ।ਵਿਧਾਇਕ ਰਾਏ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਉਕਤ ਨੌਜਵਾਨਾਂ ਪ੍ਰਤੀ ਹਮਦਰਦ ਹੈ, ਸਰਕਾਰ ਵੱਲੋਂ ਉਕਤ ਨੌਜਵਾਨਾਂ ਦੇ ਲਈ ਅਜਿਹਾ ਕਾਨੂੰਨ ਬਣਾਇਆ ਜਾਵੇਗਾ ਤਾਂ ਜੁ ਉਹ ਏਜੰਟਾਂ ਦੇ ਜਾਲ ਵਿੱਚ ਨਾ ਫਸਣ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਜਿਸਟਰਡ ਏਜੰਟਾਂ ਦੇ ਰਾਹੀਂ ਹੀ ਬਾਹਰ ਦੇ ਪੇਪਰ ਲਾਏ ਜਾਣ। ਗੁਰਮੀਤ ਰਾਮ ਨੇ ਦੱਸਿਆ ਕਿ 22 ਨਵੰਬਰ 2024 ਨੂੰ ਅਮਰੀਕਾ ਦੇ ਲਈ ਗਏ ਸਨ, ਪ੍ਰੰਤੂ ਉਨ੍ਹਾਂ ਨੂੰ ਬਹੁਤ ਜ਼ਿਆਦਾ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ।ਏਜੰਟ ਵਲੋਂ ਡੌਂਕਰ ਨੂੰ ਪੈਸੇ ਨਹੀਂ ਦਿੱਤੇ ਗਏ, ਜਿਸ ਕਰਕੇ ਉਨ੍ਹਾਂ ਵੱਲੋਂ ਉਸ (ਗੁਰਮੀਤ ਰਾਮ) ਦੀ ਕੁੱਟਮਾਰ ਵੀ ਕੀਤੀ ਗਈ।ਰਾਸਤੇ ਏਨੇ ਖਤਰਨਾਕ ਸਨ ਕਿ ਉਹ ਪਾਣੀ ਦੀ ਬੂੰਦ ਲਈ ਵੀ ਤਰਸ ਗਏ ਸਨ।22 ਜਨਵਰੀ 2025 ਨੂੰ ਉਹ ਅਮਰੀਕਾ ਵਿੱਚ ਦਾਖਲ ਹੋ ਗਏ ਸਨ, ਪ੍ਰੰਤੂ ਉੱਥੇ ਉਨ੍ਹਾਂ ਨੂੰ ਪੁਲਸ ਨੇ ਫੜ ਲਿਆ।ਉਨ੍ਹਾਂ ਦੱਸਿਆ ਕਿ 40 ਲੱਖ ਦੇ ਕਰੀਬ ਏਜੰਟ ਨੇ ਪੇਮੈਂਟ ਲਈ ਸੀ, ਉਹ ਉਸ ਦਾ ਕੋਈ ਮੁੱਲ ਨਹੀਂ ਪਾ ਸਕੇ।ਇਥੋਂ ਤੱਕ ਕਿ ਉਨ੍ਹਾਂ ਦਾ ਘਰ ਵੀ ਗਿਰਵੀ ਰੱਖਿਆ ਹੋਇਆ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਵੱਲੋਂ ਉਨ੍ਹਾਂ ਦੀ ਕੁਝ ਨਾ ਕੁਝ ਮੱਦਦ ਕੀਤੀ ਜਾਵੇ।

11 ਨੁਕਾਤੀ ਮੰਗਾਂ ਨੂੰ ਲੈ ਕੇ ਕੁਰੁਕਸ਼ੇਤਰ 'ਚ ਗੱਜਿਆ ਸਰਵ ਕ੍ਰਮਚਾਰੀ ਸੰਘ

ਸਿਰਸਾ (ਸੁਰਿੰਦਰ ਪਾਲ ਸਿੰਘ)-ਸਰਵ ਕਰਮਚਾਰੀ ਸੰਘ ਵੱਲੋਂ ਕੁਰੂਕਸ਼ੇਤਰ ਦੇ ਜਿੰਦਲ ਚੌਕ ਨੇੜੇ ਰੱਖੀ ਮਹਾਂਰੈਲੀ ਵਿਚ ਭਾਗ ਲੈਣ ਹਿਤ ਸਿਰਸਾ ਖੇਤਰ ਵਿਚੋਂ ਵੱਖ ਵੱਖ ਵਿਭਾਗਾਂ ਦੇ ਸੈਕੜੇ ਕ੍ਰਮਚਾਰੀਆਂ ਵੱਲੋਂ ਕੂਚ ਕੀਤਾ ਗਿਆ। ਸਰਵ ਕ੍ਰਮਚਾਰੀ ਸੰਘ ਦੇ ਸੂਬਾ ਪ੍ਰਧਾਨ ਧਰਮਵੀਰ ਫੋਗਾਟ ਤੇ ਜਰਨਲ ਸਕੱਤਰ ਨਰੇਸ਼ ਕੁਮਾਰ ਤੇ ਹਰਿਆਣਾ ਸਕੂਲ ਅਧਿਆਪਕ ਸੰਘ ਦੇ ਜ਼ਿਲ੍ਹਾ ਪਧਾਨ ਪ੍ਰਭੂ ਸਿੰਘ ਵੱਲੋਂ ਵੱਡੀ ਤਾਦਾਦ 'ਚ ਕੁਰੂਕਸ਼ੇਤਰ ਵਿਖੇ ਪੁਜੇ ਵੱਖ-ਵੱਖ ਵਿਭਾਗਾਂ ਦੇ ਕ੍ਰਮਚਾਰੀਆਂ ਦਾ ਧੰਨਵਾਦ ਕਰਦੇ ਦੱਸਿਆ ਗਿਆ ਕਿ ਹਰਿਆਣਾ ਦੇ ਕ੍ਰਮਚਾਰੀਆਂ ਦੀਆਂ ਚਿਰਾਂ ਤੋਂ ਲਟਕਦੀਆਂ ਆ ਰਹੀਆਂ ਮੁੱਖ ਮੰਗਾਂ ਵਿੱਚ 2 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਅਸਥਾਈ ਕ੍ਰਮਚਾਰੀਆਂ ਨੂੰ ਸਥਾਈ ਕਰਨਾ, ਬਰਾਬਰ ਕੰਮ ਲਈ ਬਰਾਬਰ ਤਨਖਾਹ ਲਾਗੂ ਕਰਨਾ, ਛਾਂਟੀ ਹੋਏ ਕ੍ਰਮਚਾਰੀ ਤੁਰੰਤ ਬਹਾਲ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਹਰਿਆਣਾ ਲਈ ਵੱਖਰਾ ਅੱਠਵਾਂ ਤਨਖਾਹ ਕਮਿਸ਼ਨ ਬਣਾਇਆ ਜਾਵੇ। ਡਾਕਟਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਵੱਖ ਵੱਖ ਵਿਭਾਗਾਂ ਵਿੱਚ ਪਈਆਂ ਸੈਕੜੇ ਖਾਲੀ ਅਸਾਮੀਆਂ ਪੱਕੇ ਤੌਰ 'ਤੇ ਭਰੀਆਂ ਜਾਣ, ਨਿੱਜੀਕਰਨ ਨੀਤੀ ਬੰਦ ਕੀਤੀ ਜਾਵੇ।

ਹੀਰਾ ਦਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) 'ਚ ਸ਼ਾਮਲ ਹੋਣ 'ਤੇ ਸਵਾਗਤ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਹਰਵਿੰਦਰ ਸਿੰਘ ਹੀਰਾ ਵੱਲੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) 'ਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਗਿਆ। ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਮੁੱਖ ਦਫ਼ਤਰ ਦੇ ਬਿਨ੍ਹਾ 'ਤੇ ਇਕਬਾਲ ਸਿੰਘ ਟਿਵਾਣਾ ਮੁੱਖ ਬੁਲਾਰਾ ਸਿਆਸੀ ਤੇ ਮੀਡੀਆ ਸਲਾਹਕਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਰਵਿੰਦਰ ਸਿੰਘ ਹੀਰਾ ਨੂੰ ਸਮੁੱਚੀ ਪਾਰਟੀ ਵੱਲੋਂ ਜੀ ਆਇਆਂ ਕਿਹਾ।

ਬਲੌਸਮਜ਼ ਕਾਨਵੈਂਟ ਸਕੂਲ ਦੀ ਸਵਪਨ ਕੌਰ ਨੂੰ ਗੋਲਡ ਮੈਡਲ

ਜਗਰਾਉ (ਅਮਿਤ ਖੰਨਾ)-ਬਲੌਸਮਜ਼ ਕਾਨਵੈਂਟ ਸਕੂਲ ਦੀ ਪੰਜਵੀਂ ਜਮਾਤ ਦੀ ਸਵਪਨ ਕੌਰ ਨੇ ਐਸ ਓ ਐਫ ਇੰਟਰਨੈਸ਼ਨਲ ਅੰਗਰੇਜੀ ਉਲੰਪੀਅਡ ਵਿੱਚ ਸਕੂਲ ਵਿਖੇ ਹੋਏ ਇਮਤਿਹਾਨ, ਜੋ ਕਿ ਅੰਗਰੇਜੀ ਵਿਸ਼ੇ ਨਾਲ ਸੰਬੰਧਿਤ ਸੀ, ਵਿੱਚ ਗੋਲਡ ਮੈਡਲ ਹਾਸਲ ਕਰਦੇ ਹੋਏ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਵਿਦਿਆਰਥਣ ਅਤੇ ਉਸ ਦੇ ਮਾਪਿਆਂ ਨੂੰ ਵਧਾਈ ਦੇ ਪਾਤਰ ਦੱਸਦੇ ਹੋਏ ਕਿਹਾ ਕਿ ਵਿਦਿਆਰਥੀ ਵੱਲੋਂ ਕੀਤੀ ਹੋਈ ਮਿਹਨਤ ਹਮੇਸ਼ਾ ਚੰਗੇ ਨਤੀਜੇ ਲੈ ਕੇ ਆਉਂਦੀ ਹੈ।ਇੰਟਰਨੈਸ਼ਨਲ ਭਾਸ਼ਾ ਵਿੱਚੋਂ ਛੋਟੀ ਉਮਰੇ ਅਜਿਹੇ ਮੈਡਲ ਹਾਸਲ ਕਰਨਾ ਚੰਗੇ ਭਵਿੱਖ ਦੀ ਨਿਸ਼ਾਨੀ ਹੁੰਦਾ ਹੈ।ਇਹ ਬੱਚੀ ਬਾਕੀਆਂ ਲਈ ਪ੍ਰੇਰਨਾ ਸਰੋਤ ਹੈ, ਦੂਜੇ ਵਿਦਿਆਰਥੀਆਂ ਨੂੰ ਵੀ ਮਿਹਨਤ ਕਰਕੇ ਬੁਲੰਦ ਉਚਾਈਆਂ ਤੇ ਪਹੁੰਚ ਕੇ ਆਪਣੇ ਮਾਪਿਆਂ ਨੂੰ ਫਖਰ ਮਹਿਸੂਸ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਸ. ਹਰਭਜਨ ਸਿੰਘ ਜੱਹਲ ਪ੍ਰੈਜੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਵੀ ਇਸ ਵਿਦਿਆਰਥਣ ਅਤੇ ਇਸ ਇਮਤਿਹਾਨ ਨੂੰ ਕਰਵਾਉਣ ਵਾਲੇ ਅਧਿਆਪਕ ਮਿ.ਰਾਜੀਵ ਗੋਇਲ ਨੂੰ ਵੀ ਵਧਾਈ ਦਿੱਤੀ।

ਗਲੋਬਲ ਡਿਸਕਵਰੀ ਸਕੂਲ ਦੇ 10ਵੀਂ, 12ਵੀਂ ਦੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਲਈ ਸ਼ੁਭਕਾਮਨਾਵਾਂ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਬੋਰਡ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ 'ਤੇ ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਦੇ 10ਵੀਂ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਕੂਲ ਦੇ ਚੇਅਰਮੈਨ ਇੰਜਨੀਅਰ ਸ਼੍ਰੀ ਕਮਲੇਸ਼ ਸਰਾਫ ਤੇ ਵਾਇਸ ਚੇਅਰਮੈਨ ਸ਼੍ਰੀ ਅਮਿਤ ਸਰਾਫ਼ ਨੇ ਬੱਚਿਆਂ ਨੂੰ ਇਮਤਿਹਾਨ ਦੇ ਦਿਨਾਂ ਦੀ ਸੁਚੱਜੀ ਵਰਤੋਂ ਕਰਨ ਤੇ ਚੰਗੇ ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕਰਨ ਦੀ ਕਾਮਨਾ ਕੀਤੀ।ਬੱਚਿਆਂ ਨੂੰ ਸੰਬੋਧਨ ਕਰਦਿਆਂ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅੰਜੂ ਨਾਗਪਾਲ ਨੇ ਕਿਹਾ ਕਿ ਪ੍ਰੀਖਿਆ ਦਾ ਨਤੀਜਾ ਵਿਸ਼ਿਆਂ ਦੀ ਚੋਣ ਕਰਨ ਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਨੀਂਹ ਰੱਖਣ ਵਿੱਚ ਸਹਾਈ ਸਿੱਧ ਹੁੰਦਾ ਹੈ, ਇਸ ਲਈ ਉਨ੍ਹਾਂ ਨੇ ਬੱਚਿਆਂ ਨੂੰ ਬੋਰਡ ਦੀਆਂ ਪ੍ਰੀਖਿਆਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਨੂੰ ਇਕਾਗਰਤਾ ਨਾਲ ਮਿਹਨਤ ਕਰਨ ਦੇ ਨਿਰਦੇਸ਼ ਦਿੱਤੇ।

ਰੁਜ਼ਗਾਰ ਤੇ ਸਿੱਖਿਆ ਨੂੰ ਬਚਾਉਣ ਲਈ ਨੌਜਵਾਨ ਫੂਲੇ ਅੰਬੇਡਕਰੀ ਵਿਚਾਰਧਾਰਾ ਨਾਲ ਜੁੜਨ : ਕਾਲੀ ਪਾਇਲ

ਦੋਰਾਹਾ (ਹਰਮਿੰਦਰ ਸੇਠ)-ਵਿਧਾਨ ਸਭਾ ਖੰਨਾ ਦੀ ਪ੍ਰੇਮ ਭੰਡਾਰੀ ਪਾਰਕ ਵਿੱਚ ਫੂਲੇ ਅੰਬੇਡਕਰੀ ਵਿਚਾਰਧਾਰਾ ਨੂੰ ਅੱਗੇ ਤੋਰਨ ਲਈ ਫੂਲੇ-ਅੰਬੇਡਕਰ ਲੋਕ ਜਗਾਓ ਮੰਚ ਦੇ ਆਗੂ ਗੁਰਦੀਪ ਸਿੰਘ ਕਾਲੀ ਅਤੇ ਮਨੀ ਮੱਟੂ ਘੁੰਗਰਾਲੀ ਦੀ ਅਗਵਾਈ ਵਿੱਚ ਨੌਜਵਾਨਾਂ ਨੂੰ ਇਸ ਵਿਚਾਰਧਾਰਾ ਨਾਲ ਜੋੜਨ ਲਈ ਫੂਲੇ ਅੰਬੇਡਕਰ ਨੌਜਵਾਨ ਕਲੱਬ ਦਾ ਗਠਨ ਕੀਤਾ ਗਿਆ, ਜਿਸ ਵਿੱਚ ਪਰਮਿੰਦਰ ਸਿੰਘ ਅਤੇ ਕਰਨ ਹੋਲੀਆਂ ਨੂੰ ਕਰਮਵਾਰ ਪ੍ਰਧਾਨ ਖੰਨਾ ਵਿਧਾਨ ਸਭਾ ਦਾ ਪ੍ਰਧਾਨ ਤੇ ਵਾਈਸ ਪ੍ਰਧਾਨ ਲਾਇਆ ਗਿਆ। ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਭਾਰਤ ਸਰਕਾਰ ਜੋ ਆਰਐਸਐਸ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ, ਵੱਲੋਂ ਅਜਿਹੀ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ, ਜਿਸ ਨਾਲ ਪੰਜਾਬ ਦਾ ਨੌਜਵਾਨ ਬੇਰੁਜ਼ਗਾਰ ਹੋ ਰਿਹਾ ਹੈ ਅਤੇ ਸਿੱਖਿਆ ਨੂੰ ਤਬਾਹ ਕੀਤਾ ਜਾ ਰਿਹਾ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸਰਕਾਰੀ ਸਿੱਖਿਆ ਖਤਮ ਹੋ ਕੇ ਪ੍ਰਾਈਵੇਟ ਹੱਥਾਂ ਵਿੱਚ ਚਲੇ ਜਾਵੇਗੀ, ਜਿਸ ਨਾਲ ਗਰੀਬ ਤੇ ਆਮ ਲੋਕਾਂ ਤੋਂ ਕਲਮ ਅਤੇ ਕਿਤਾਬ ਕੋਹਾਂ ਦੂਰ ਹੋ ਜਾਵੇਗੀ। ਕਲਮ ਤੇ ਕਿਤਾਬ ਨੂੰ ਬਚਾਉਣ ਲਈ ਨੌਜਵਾਨ ਵਰਗ ਹੀ ਅੱਗੇ ਆਉਣਾ ਪਵੇਗਾ। ਮਨੀ ਮੱਟੂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਤੋਂ ਵੀ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਇਕੱਠੇ ਕਰਕੇ ਫੂਲੇ ਅੰਬੇਡਕਰੀ ਵਿਚਾਰਧਾਰਾ ਨਾਲ ਜੋੜਾਂਗੇ। ਪ੍ਰਧਾਨ ਹਰਵਿੰਦਰ ਸਿੰਘ ਅਤੇ ਵਾਈਸ ਪ੍ਰਧਾਨ ਜਸਕਰਨ ਸਿੰਘ ਹੋਲੀਆ ਨੇ ਕਿਹਾ ਕਿ ਫੂਲੇ ਅੰਬੇਡਕਰੀ ਵਿਚਾਰਧਾਰਾ ਨੂੰ ਘਰ-ਘਰ ਪੁਚਾਉਣ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰਾਂਗੇ ਤੇ ਨੌਜਵਾਨਾਂ ਨੂੰ ਵੱਡੀ ਗਿਣਤੀ ਲਈ ਵਿੱਚ ਇਸ ਵਿਚਾਰਧਾਰਾ ਨਾਲ ਜੋੜਾਂਗੇ ਤਾਂ ਜੁ ਸਾਡੀ ਸਿੱਖਿਆ ਉੱਪਰ ਜੋ ਖਤਰਾ ਮੰਡਰਾ ਰਿਹਾ ਹੈ, ਉਸ ਨੂੰ ਦੂਰ ਕੀਤਾ ਜਾ ਸਕੇ।

ਸਰਕਾਰ ਦੀ ਵਾਅਦਾ-ਖਿਲਾਫੀ ਵਿਰੁੱਧ ਸੰਘਰਸ਼ ਤੇਜ਼ ਕਰਨ ਦਾ ਐਲਾਨ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)

ਵੈਟਰਨਰੀ ਏਆਈ ਵਰਕਰ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਮੀਟਿੰਗ ਸੂਬਾ ਪ੍ਰਧਾਨ ਸਰਬਜੀਤ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਲਏ ਗਏ ਫੈਸਲੇ ਮਗਰੋਂ ਯੂਨੀਅਨ ਨੇ 17 ਫਰਵਰੀ ਨੂੰ ਮੋਹਾਲੀ ਏਅਰਪੋਰਟ ਰੋਡ ਨੂੰ ਜਾਮ ਕਰਨ ਦਾ ਐਲਾਨ ਕੀਤਾ ਹੈ।

ਜਥੇਬੰਦੀ ਦੇ ਜਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਬਣਵਾਲਾ ਨੇ ਦੱਸਿਆ ਕਿ ਪਿਛਲੇ 16 ਸਾਲਾਂ ਤੋਂ ਪਸ਼ੂ ਪਾਲਣ ਵਿਭਾਗ ਦੇ ਵਿੱਚ ਏਆਈ ਤੇ ਵੈਕਸੀਨ ਦਾ ਕੰਮ ਕਰਦੇ ਆ ਰਹੇ ਹਨ।ਪੰਜਾਬ ਦੇ ਮੁੱਖ ਮੰਤਰੀ ਤੇ ਸਬ ਕਮੇਟੀ ਲਗਾਤਾਰ ਮੀਟਿੰਗਾਂ ਕਰਨ ਤੋਂ ਭੱਜ ਰਹੀ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਵਾਰ-ਵਾਰ ਕੀਤੀ ਜਾ ਰਹੀ ਵਾਅਦਾਖਿਲਾਫ਼ੀ ਦੇ ਵਿਰੋਧ ਵਿੱਚ ਜਥੇਬੰਦੀ ਵੱਲੋਂ 17 ਫਰਵਰੀ ਨੂੰ ਮੋਹਾਲੀ ਏਅਰਪੋਰਟ ਰੋਡ ਨੂੰ ਜਾਮ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਵੋਟਾਂ ਤੋਂ ਪਹਿਲਾਂ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ ਕਿ ਕੱਚੇ ਮੁਲਾਜ਼ਮਾਂ ਨੂੰ ਪਹਿਲ ਦੇ ਆਧਾਰ 'ਤੇ ਪੱਕੇ ਕੀਤਾ ਜਾਵੇਗਾ, ਪਰ 'ਆਪ' ਸਰਕਾਰ ਦੇ ਤਿੰਨ ਸਾਲ ਦੇ ਕਾਰਜ ਵਿੱਚ ਅੱਜ ਤੱਕ ਕੋਈ ਵੀ ਨੀਤੀ ਨਹੀਂ ਬਣਾਈ, ਜਿਸ ਤੋਂ ਸਾਫ਼ ਜ਼ਾਹਰ ਹੈ ਕਿ 'ਆਪ' ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਸਵੈਰੁਜ਼ਗਾਰ ਆਊਟਸੋਰਸ ਤੇ ਇਨਲਿਸਟਮੈਂਟ ਮੁਲਾਜ਼ਮਾਂ ਨਾਲ ਨੰਗਾ ਚਿੱਟਾ ਧੋਖਾ ਕਰ ਰਹੀ ਹੈ।

ਏਆਈ ਵਰਕਰ ਲਗਭਗ ਦੋ ਸਾਲ 6 ਮਹੀਨੇ ਤੋਂ ਮੁਹਾਲੀ ਸੈਕਟਰ 68 ਵਿੱਚ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੇ ਦਫਤਰ ਮੂਹਰੇ ਆਪਣੀਆਂ ਹੱਕੀ ਮੰਗਾਂ ਮੰਨਵਾਉਣ ਲਈ ਮੇਨ ਗੇਟ ਬੰਦ ਕਰਕੇ ਬੈਠੇ ਹਨ। ਪੰਜਾਬ ਦੀ 'ਆਪ' ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਕੇਂਦਰ ਸਰਕਾਰ ਤੇ ਵਿਸ਼ਵ ਵਪਾਰ ਸੰਸਥਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲੋਕਾਂ ਨੂੰ ਸਸਤੀਆਂ ਸੇਵਾਵਾਂ ਦੇਣ ਵਾਲੇ ਸਮੂਹ ਸਰਕਾਰੀ ਅਦਾਰਿਆਂ ਤੇ ਨਿਜੀਕਰਨ ਦਾ ਤਿੱਖਾ ਹੱਲਾ ਵਿੱਢਿਆ ਹੋਇਆ ਹੈ ਤੇ ਨਿੱਜੀਕਰਨ ਦੇ ਇਸ ਹੱਲੇ ਤਹਿਤ ਪਸ਼ੂ ਪਾਲਣ ਵਿਭਾਗ ਦੇ ਵਿੱਚ ਜੋ ਪਹਿਲਾਂ ਏਆਈ ਵਰਕਰ ਦੀ ਪੋਸਟ ਦੀ ਉਸ ਨੂੰ ਬੰਦ ਕਰ ਦਿੱਤਾ ਸੀ। ਵਿਭਾਗ ਦੇ ਵਿੱਚ ਸਵੈ ਰੁਜ਼ਗਾਰ ਕੰਮ ਕਰਦੇ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਪੱਕਾ ਨਹੀਂ ਕੀਤਾ ਜਾ ਰਿਹਾ।

ਸ਼ੀਸ਼ ਮਹਿਲ ਦੇ ਵਿਹੜੇ ਲੋਕ ਗੀਤ ਤੇ ਲੋਕ ਕਲਾਵਾਂ ਦੀ ਛਹਿਬਰ

ਪਟਿਆਲਾ (ਰਾਜਿੰਦਰ ਸਿੰਘ ਬਿੰਦ)

ਸ਼ੀਸ਼ ਮਹਿਲ ਵਿਖੇ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ-ਕਮ-ਮੇਲਾ ਅਫ਼ਸਰ ਅਨੁਪ੍ਰਿਤਾ ਜੌਹਲ ਦੀ ਅਗਵਾਈ ਵਿਚ ਸਰਸ ਮੇਲੇ ਦੌਰਾਨ ਲੋਕ-ਗੀਤ ਤੇ ਲੋਕ-ਕਲਾਵਾਂ ਦੇ ਮੁਕਾਬਲੇ ਕਰਾਏ ਗਏ।

ਸਰਸ ਮੇਲੇ ਦੇ ਸੱਭਿਆਚਾਰਕ ਗਤੀਵਿਧੀਆਂ ਦੇ ਇੰਚਾਰਜ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਸਰਸ ਮੇਲੇ ਦੇ ਅੰਤਰ ਸਕੂਲ ਤੇ ਕਾਲਜ ਮੁਕਾਬਲਿਆਂ ਰਾਹੀਂ ਰੰਗਲੇ ਪੰਜਾਬ ਦੀ ਸਿਰਜਣਾ ਦੇ ਸੁਪਨੇ ਪੂਰਾ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਗਰੁੱਪ ਗਾਇਨ ਤੇ ਲੋਕ ਗੀਤ ਮੁਕਾਬਲਿਆਂ ਵਿੱਚ ਜਿੱਥੇ ਮਿਰਜ਼ਾ, ਜੁਗਨੀ, ਜੈਮਲ ਫੱਤਾ ਅਤੇ ਮਿੱਟੀ ਦੇ ਬਾਬੇ ਦੀ ਹੂਕ ਸੁਣਾਈ ਦਿੱਤੀ, ਉੱਥੇ ਹੀ ਲੋਕ ਕਲਾਵਾਂ ਵਿੱਚ ਪੱਖੀਆਂ ਬਨਣਾ, ਪੀੜੀ, ਛਿੱਕੂ ਖਿੱਦੋ ਨਾਲੇ ਪਰਾਂਦੇ ਤੇ ਫੁਲਕਾਰੀ ਦੇ ਮੁਕਾਬਲੇ ਖਿੱਚ ਦਾ ਕੇਂਦਰ ਰਹੇ। ਬਾਲ ਸੁਰੱਖਿਆ ਅਫ਼ਸਰ ਰੂਪਵੰਤ ਨੇ ਦੱਸਿਆ ਕਿ ਲੋਕ ਗੀਤ ਵਿੱਚ ਪਹਿਲਾ ਸਥਾਨ ਵੀਰ ਸੁਖਮਨੀ ਸੇਂਟ ਜ਼ੇਵੀਅਰ ਸਕੂਲ ਤੇ ਦੇਵੀ ਪ੍ਰਭਾ ਸਸਸਸ ਪੁਲਿਸ ਲਾਈਨ, ਦੂਜਾ ਸਥਾਨ ਆਰੀਅਨ ਵੀਰ ਸਿੰਘ ਦਿੱਲੀ ਪਬਲਿਕ ਸਕੂ

18 Feb Page- 8.qxd 2/17/2025 11:09 PM Page 1

ਏ ਟੀ ਐੱਮ ਧੋਖਾਧੜੀ ਕਰਨ ਵਾਲੇ ਰੈਕੇਟ ਦਾ ਪਰਦਾ ਫਾਸ਼, 2 ਗ੍ਰਿਫ਼ਤਾਰ

ਵੱਖ-ਵੱਖ ਬੈਂਕਾਂ ਦੇ 9 ਏ ਟੀ ਐੱਮ ਕਾਰਡ ਤੇ ਮੋਟਰਸਾਈਕਲ ਬਰਾਮਦ

ਜਲੰਧਰ (ਸ਼ੈਲੀ ਐਲਬਰਟ) ਵਿੱਤੀ ਧੋਖਾਧੜੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਦਿਆਂ ਕਮਿਸ਼ਨਰ ਪੁਲਸ ਸਵਪਨ ਸ਼ਰਮਾ ਦੀ ਅਗਵਾਈ ਵਿੱਚ ਕਮਿਸ਼ਨਰੇਟ ਪੁਲਸ ਵੱਲੋਂ ਏ ਟੀ ਐਮ ਰਾਹੀਂ ਧੋਖਾ ਕਰਕੇ ਪੈਸੇ ਕਢਵਾਉਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਇਹ ਗ੍ਰਿਫ਼ਤਾਰੀਆਂ ਅਣ-ਅਧਿਕਾਰਤ ਤੌਰ 'ਤੇ ਪੈਸੇ ਦਾ ਲੈਣ-ਦੇਣ ਹੋਣ ਪਿਛੋਂ ਇਕ ਪੀੜਤ ਵਲੋਂ ਪ੍ਰਾਪਤ ਸ਼ਿਕਾਇਤ ਦੀ ਡੂੰਘਾਈ ਨਾਲ ਜਾਂਚ ਕਰਨ ਤੋਂ ਬਾਅਦ ਕੀਤੀਆਂ ਗਈਆਂ ਹਨ।ਸੀ ਆਰ ਪੀ ਐਫ ਤੋਂ ਸੇਵਾ ਮੁਕਤ ਹੋਏ ਸਬ ਇੰਸਪੈਕਟਰ ਅਵਿਨਾਸ਼ ਕੁਮਾਰ ਵਲੋਂ ਕੀਤੀ ਗਈ ਸ਼ਿਕਾਇਤ ਦੇ ਅਧਾਰ 'ਤੇ 05 ਫਰਵਰੀ ਪੁਲਸ ਥਾਣਾ ਨੰਬਰ 1, ਜਲੰਧਰ ਵਿਖੇ ਐਫ ਆਈ ਆਰ ਨੰਬਰ 9 ਦਰਜ ਕੀਤੀ ਗਈ।ਉਨ੍ਹਾਂ ਦੱਸਿਆ ਕਿ 3 ਜਨਵਰੀ ਨੂੰ ਸ਼ਾਮ 6:15 ਵਜੇ ਤਿੰਨ ਵਿਅਕਤੀਆਂ ਵੱਲੋਂ ਗੁਲਾਬ ਦੇਵੀ ਰੋਡ, ਵਿੰਡਸਰ ਪਾਰਕ ਜਲੰਧਰ ਵਿਖੇ ਸਟੇਟ ਬੈਂਕ ਆਫ਼ ਇੰਡੀਆ ਦੇ ਏ ਟੀ ਐਮ 'ਤੇ ਉਸ ਦਾ ਏ ਟੀ ਐਮ ਕਾਰਡ ਬਦਲਕੇ 17000 ਰੁਪਏ ਉਸ ਦੇ ਬੈਂਕ ਖਾਤੇ ਵਿੱਚ ਕਢਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮਿਸ਼ਨਰ ਪੁਲਸ ਨੇ ਦੱਸਿਆ ਕਿ ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਵੱਲੋਂ ਕਮਾਲੇ ਆਲਮ ਅਤੇ ਸ਼ਿਵਮ ਕੁਮਾਰ ਦੋਵੇਂ ਵਾਸੀ ਬਿਹਾਰ ਹਾਲ ਵਾਸੀ ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਗਿਆ।ਇਨ੍ਹਾਂ ਦੋਸ਼ੀਆਂ ਪਾਸੋਂ ਵੱਖ-ਵੱਖ ਬੈਂਕਾਂ ਦੇ 9 ਏ ਟੀ ਐਮ ਕਾਰਡ ਅਤੇ ਅਪਰਾਧ ਦੌਰਾਨ ਵਰਤਿਆ ਗਿਆ ਇਕ ਚਿੱਟੇ ਰੰਗ ਦਾ ਅਪਾਚੇ ਮੋਟਰਸਾਈਕਲ ਬਰਾਮਦ ਕੀਤਾ ਗਿਆ ਅਤੇ ਇਨਾਂ ਦੇ ਤੀਜੇ ਸਾਥੀ ਨੂੰ ਫੜਨ ਲਈ ਯਤਨ ਕੀਤੇ ਜਾ ਰਹੇ ਹਨ।ਪੁਛਗਿੱਛ ਦੌਰਾਨ ਪਾਇਆ ਗਿਆ ਕਿ ਦੋਸ਼ੀ ਪੁਲਸ ਸਟੇਸ਼ਨ ਆਦਮਪੁਰ ਦਿਹਾਤੀ ਵਿਖੇ ਐਫ ਆਈ ਆਰ ਨੰਬਰ 159 ਮਿਤੀ 12-09-2022 ਧਾਰਾ 379, ਪੁਲਸ ਸਟੇਸ਼ਨ ਕਰਤਾਰਪੁਰ ਜਲੰਧਰ ਦਿਹਾਤੀ ਐਫ.ਆਈ.ਆਰ. ਨੰਬਰ 71 ਮਿਤੀ 14-06-2023 ਧਾਰਾ 406, 420 ਆਈ.ਪੀ.ਸੀ. ਅਤੇ ਥਾਣਾ ਡਵੀਜ਼ਨ ਨੰਬਰ 01 ਜਲੰਧਰ ਸ਼ਹਿਰ ਵਿੱਚ ਦਰਜ ਐਫ.ਆਈ.ਆਰ. ਨੰਬਰ 76 ਮਿਤੀ 10-07-2025 ਵਿੱਚ ਸ਼ਾਮਲ ਹਨ। ਕਮਿਸ਼ਨਰ ਪੁਲਸ ਨੇ ਦੱਸਿਆ ਕਿ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਵਧੇਰੇ ਪੁੱਛਗਿੱਛ ਲਈ ਰਿਮਾਂਡ 'ਤੇ ਲਿਆ ਜਾਵੇ।

ਹੁਣ ਪੂਰੀ ਵੋਲਟੇਜ ਨਾਲ ਮਿਲੇਗੀ ਬਿਜਲੀ : ਡਾ. ਇਸ਼ਾਂਕ ਕੁਮਾਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਪਿੰਡ ਬਢੇਲ ਦੇ ਨਿਵਾਸੀਆਂ ਲਈ ਇਹ ਇੱਕ ਇਤਿਹਾਸਕ ਪਲ ਹੈ ਕਿਉਂਕਿ ਦੇਸ਼ ਦੀ ਅਜ਼ਾਦੀ ਦੇ ਇੰਨੇ ਸਾਲਾਂ ਬਾਅਦ ਆਖ਼ਰ ਪਿੰਡ ਨੂੰ ਬਿਜਲੀ ਸਪਲਾਈ ਲਈ ਆਪਣਾ ਟ੍ਰਾਂਸਫਾਰਮਰ ਮਿਲ ਗਿਆ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਨਵਾਂ ਟ੍ਰਾਂਸਫਾਰਮਰ ਬਢੇਲ ਵਾਸੀਆਂ ਨੂੰ ਸਮਰਪਿਤ ਕੀਤਾ।ਇਸ ਤੋਂ ਪਹਿਲਾਂ ਪਿੰਡ ਨੂੰ ਬਿਜਲੀ ਸਪਲਾਈ ਲਾਗਲੇ ਪਿੰਡ ਰਹੱਲੀ ਦੇ ਟ੍ਰਾਂਸਫਾਰਮਰ ਤੋਂ ਕੀਤੀ ਜਾ ਰਹੀ ਸੀ, ਜਿਸ ਕਾਰਨ ਵੋਲਟੇਜ ਦੀ ਕਮੀ ਸੀ ਅਤੇ ਪਿੰਡ ਵਾਸੀਆਂ ਨੂੰ ਬਿਜਲੀ ਸਪਲਾਈ ਸੰਬੰਧੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਹੁਣ ਇਸ ਨਵੇਂ ਟ੍ਰਾਂਸਫਾਰਮਰ ਦੇ ਲੱਗਣ ਤੋਂ ਬਾਅਦ ਪਿੰਡ ਵਾਸੀਆਂ ਨੂੰ ਪੂਰੀ ਵੋਲਟੇਜ ਮਿਲੇਗੀ, ਜਿਸ ਨਾਲ ਘਰੇਲੂ ਅਤੇ ਖੇਤੀਬਾੜੀ ਦੇ ਕੰਮ ਵਿੱਚ ਸੁਧਾਰ ਹੋਵੇਗਾ, ਇਸ ਪ੍ਰਾਪਤੀ ਲਈ ਪਿੰਡ ਵਾਸੀਆਂ ਨੇ ਆਪਣੇ ਵਿਧਾਇਕ ਡਾ. ਇਸ਼ਾਂਕ ਕੁਮਾਰ ਅਤੇ ਸੰਸਦ ਮੈਂਬਰ ਡਾ. ਰਾਜ ਕੁਮਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਟਰਾਂਸਫਾਰਮਰ ਦੇ ਲੱਗਣ ਨਾਲ ਪਿੰਡ ਦੇ ਹਰ ਪਰਵਾਰ ਨੂੰ ਫਾਇਦਾ ਹੋਵੇਗਾ, ਬਿਜਲੀ ਦੀ ਸਮੱਸਿਆ ਦਾ ਹੱਲ ਹੋਵੇਗਾ ਅਤੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾਵੇਗੀ।ਪਹਿਲਾਂ ਵੋਲਟੇਜ ਘੱਟ ਹੋਣ ਕਾਰਨ ਇਲੈਕਟ੍ਰਾਨਿਕ ਉਪਕਰਨ ਸਹੀ ਢੰਗ ਨਾਲ ਕੰਮ ਨਹੀਂ ਕਰਦੇ ਸਨ ਅਤੇ ਖੇਤਾਂ ਵਿੱਚ ਮੋਟਰ ਚਲਾਉਣ ਵਿੱਚ ਮੁਸ਼ਕਲ ਆਉਂਦੀ ਸੀ, ਪਰ ਹੁਣ ਇਹ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ।ਇਸ ਮੌਕੇ ਪਿੰਡ ਵਾਸੀਆਂ ਨੇ ਇਸ ਟਰਾਂਸਫਾਰਮਰ ਨੂੰ ਲਗਾਉਣ ਵਿੱਚ ਸਹਿਯੋਗ ਦੇਣ ਵਾਲੇ ਸਾਬਕਾ ਸਰਪੰਚ ਨਰਿੰਦਰ ਸਿੰਘ, ਸੁਰੇਸ਼ ਕੁਮਾਰ, ਅਸ਼ੋਕ ਕੁਮਾਰ ਅਤੇ ਐਸ.ਡੀ.ਓ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।ਇਸ ਮੌਕੇ ਸਰਪੰਚ ਨੀਲਮ ਰਾਣੀ, ਲੰਬੜਦਾਰ ਰਿਖੀਰਾਮ, ਛੋਟੇ ਸਿੰਘ, ਮਦੀਨਾ, ਧੀਰਾ ਰੂਪਵਾਲ, ਨੂਰੀ, ਹੈਪੀ, ਭਿੰਦਰ ਭਾਮ, ਮੰਟੂ ਸੰਜੀਵ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਸਾਰਿਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਪਿੰਡ ਦੇ ਵਿਕਾਸ ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ।

ਫਗਵਾੜਾ ਪੱਤਰਕਾਰ ਸੰਗਠਨ ਦੀ ਹੋਈ ਮਹੀਨਾਵਾਰ ਮੀਟਿੰਗ

ਫਗਵਾੜਾ (ਜਸਵਿੰਦਰ ਢੱਡਾ) ਫਗਵਾੜਾ ਪੱਤਰਕਾਰ ਸੰਗਠਨ ਰਜਿ. ਫਗਵਾੜਾ ਦੀ ਇੱਕ ਵਿਸ਼ੇਸ਼ ਮਹੀਨਾਵਾਰ ਮੀਟਿੰਗ ਸਤਨਾਮਪੁਰਾ ਵਿਖੇ ਪ੍ਰਧਾਨ ਡਾ. ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ ਵੱਖ ਸਮਾਜ ਸੇਵੀ ਪ੍ਰੋਜੈਕਟ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਜਿਹੜੇ ਮੈਂਬਰ ਗੈਰ ਹਾਜ਼ਰ ਰਹਿੰਦੇ ਹਨ ਉਨ੍ਹਾਂ ਬਾਰੇ ਵੀ ਚਰਚਾ ਕੀਤੀ ਗਈ ਪ੍ਰਧਾਨ ਡਾ. ਰਮਨ ਨੇ ਕਿਹਾ ਕਿ ਜਿਹੜੇ ਮੈਂਬਰ ਮੀਟਿੰਗ 'ਚੋਂ ਗੈਰ ਹਾਜ਼ਰ ਰਹਿੰਦੇ ਹਨ ਉਨ੍ਹਾਂ ਨੂੰ ਹਰ ਮੀਟਿੰਗ ਵਿੱਚ ਨਾ ਆਉਣ ਬਾਰੇ ਦੱਸਣਾ ਲਾਜ਼ਮੀ ਹੋਵੇਗਾ ਨਹੀਂ ਤਾਂ ਨਾ ਆਉਣ ਦੀ ਸੂਰਤ 'ਚ ਉਨ੍ਹਾਂ ਨੂੰ ਜੁਰਮਾਨਾ ਤਹਿ ਕੀਤਾ ਜਾਵੇਗਾ ਜੇਕਰ ਚਾਰ ਮੀਟਿੰਗਾ 'ਚ ਗੈਰ ਹਾਜ਼ਰ ਪਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਜਾਵੇਗਾ। ਪ੍ਰਧਾਨ ਡਾ. ਰਮਨ ਨੇ ਆਖਿਆ ਕਿ ਇਹ ਸੰਗਠਨ ਸਾਂਭਣਾ ਦੀ ਸਹਿਮਤੀ ਅਤੇ ਸਹਿਯੋਗ ਨਾਲ ਬਣਾਇਆ ਗਿਆ ਹੈ, ਜਿਸ ਨੂੰ ਅੱਗੇ ਲੈ ਕੇ ਜਾਣਾ ਸਾਡੀ ਸਾਂਭਣਾ ਦੀ ਜ਼ੁੰਮੇਵਾਰੀ ਬਣਦੀ ਹੈ। ਇਸ ਮੀਟਿੰਗ ਵਿੱਚ ਅਸ਼ੋਕ ਸ਼ਰਮਾ, ਮੋਹਿਤ ਸ਼ਰਮਾ, ਮੈਡਮ ਗੁਰਪ੍ਰੀਤ ਕੌਰ, ਸਤਪ੍ਰਕਾਸ਼ ਸਿੰਘ ਸੰਗੂ, ਜੀਵਨ ਸੰਘਾ ਆਦਿ ਮੌਜੂਦ ਸਨ।

ਭੰਗ ਪੈੱਸ ਕਲੱਬ ਭੋਗਪੁਰ ਦੇ ਪੰਜਵੀਂ ਵਾਰ ਸਰਬਸੰਮਤੀ ਨਾਲ ਬਣੇ ਪ੍ਰਧਾਨ

ਭੋਗਪੁਰ, (ਕੁਲਵੀਰ ਸਿੰਘ ਕਾਹਲੋਂ) ਦੋਆਬਾ ਪੱਤਰਕਾਰ ਮੰਚ (ਪ੍ਰੈੱਸ ਕਲੱਬ) ਭੋਗਪੁਰ ਦੇ ਪੱਤਰਕਾਰਾਂ ਦੀ ਮੀਟਿੰਗ ਦਸਮੇਸ਼ ਨਗਰ ਭੋਗਪੁਰ ਵਿੱਚ ਪੱਤਰਕਾਰ ਹੁਸਨ ਲਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੱਤਰਕਾਰਾਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਬਾਅਦ ਵਿੱਚ ਪ੍ਰੈੱਸ ਕਲੱਬ ਭੋਗਪੁਰ ਦੇ ਅਹੁਦੇਦਾਰਾਂ ਨਵੀਂ ਚੋਣ ਇਸ ਤਰ੍ਹਾਂ ਹੋਈ ਜਿਸ ਵਿੱਚ ਗੁਰਮੀਤ ਸਿੰਘ ਹੰਸ ਸਰਪ੍ਰਸਤ, ਪ੍ਰਧਾਨ ਬਲਵਿੰਦਰ ਸਿੰਘ ਭੰਗੂ, ਦੋ ਸੀਨੀਅਰ ਮੀਤ ਪ੍ਰਧਾਨ ਹਰਨਾਮ ਸਿੰਘ ਮਿਨਹਾਸ ਤੇ ਹੁਸਨ ਲਾਲ, ਮੀਤ ਪ੍ਰਧਾਨ ਕੁਲਵੀਰ ਸਿੰਘ ਕਾਹਲੋਂ, ਦੋ ਜਨਰਲ ਸਕੱਤਰ ਕੁਲਦੀਪ ਸਿੰਘ ਪਾਬਲਾ ਤੇ ਜਸਵੀਰ ਸਿੰਘ ਸੈਣੀ, ਖਜਾਨਚੀ ਰਜੇਸ਼ ਖੋਸਲਾ, ਕੋਆਰਡੀਨੇਟਰ ਸੁਖਵਿੰਦਰ ਸਿੰਘ ਸੁੱਖਾ ਅਤੇ ਐਗਜ਼ੀਕਿਊਟਿਵ ਮੈਂਬਰ ਸੁਖਵਿੰਦਰ ਸਿੰਘ ਕਿੰਗਰਾ ਤੇ ਮਨਪ੍ਰੀਤ ਸਿੰਘ ਨੂਰੀ ਸਰਬਸੰਮਤੀ ਨਾਲ ਚੁਣੇ ਗਏ।ਇਸ ਤੋਂ ਇਲਾਵਾ ਤਹਿਸੀਲਦਾਰ ਗੁਰਮੀਤ ਸਿੰਘ ਨਡਾਲਾ, ਐਸ ਐਸ ਪੀ ਹਰਵਿੰਦਰ ਸਿੰਘ ਡੱਲੀ ਅਤੇ ਬੀ ਡੀ ਪੀ ਓ ਰਾਮ ਲੁਭਾਇਆ ਪ੍ਰੈੱਸ ਕਲੱਬ ਦੇ ਸਥਾਈ ਮੈਂਬਰ ਹੋਣਗੇ।ਮਤਾ ਪਾਸ ਕੀਤਾ ਗਿਆ ਕਿ ਪ੍ਰੈੱਸ ਕਲੱਬ ਭੋਗਪੁਰ ਦੇ ਸਾਰੇ ਅਹੁੱਦੇਦਾਰ ਤੇ ਮੈਂਬਰ ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਆਫ ਇੰਡੀਆ ਦੇ ਮੈਂਬਰ ਹੋਣਗੇ।ਨਵੇਂ ਬਣੇ ਪ੍ਰਧਾਨ ਬਲਵਿੰਦਰ ਸਿੰਘ ਭੰਗੂ ਪਹਿਲਾਂ ਹੀ ਇਸ ਜਰਨਲਿਸਟ ਯੂਨੀਅਨ ਦੇ ਜ਼ਿਲ੍ਹਾ ਜਲੰਧਰ ਦੇ ਸਕੱਤਰ ਜਨਰਲ ਹਨ।

ਸੈਣੀ ਸਰਕਾਰ 'ਹਰਿਆਣਾ ਇੱਕ-ਹਰਿਆਣਾਵੀ ਇੱਕ' ਦੀ ਭਾਵਨਾ ਨਾਲ ਸੂਬੇ ਦਾ ਇੱਕ ਬਰਾਬਰ ਵਿਕਾਸ ਕਰ ਰਹੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਭ ਕਾ ਸਾਥ-ਸਭ ਦਾ ਵਿਕਾਸ ਵਿਜਨ ਅਨੁਸਾਰ ਅਤੇ ਹਰਿਆਣਾ ਇੱਕ-ਹਰਿਆਣਾਵੀਂ ਇਕ ਦੀ ਭਾਵਨਾ ਨਾਲ ਸੂਬੇ ਦਾ ਇੱਕ ਬਰਾਬਰ ਵਿਕਾਸ ਕਰ ਰਹੀ ਹੈ। ਸਰਕਾਰ ਦਾ ਮੰਤਵ ਹਰਕ ਖੇਤਰ ਦਾ ਵਿਕਾਸ ਅਤੇ ਹਰ ਨਾਗਰਿਕ ਦਾ ਵਿਕਾਸ ਯਕੀਨੀ ਕਰਨਾ ਹੈ।ਪ੍ਰਧਾਨ ਮੰਤਰੀ ਦੇ ਵਿਕਸਿਤ ਭਾਰਤ ਬਣਾਉਣ ਦੇ ਟੀਚੇ ਨੂੰ ਪੂਰਾ ਕਰਨ ਵਿਚ ਹਰਿਆਣਾ ਦਾ ਯੋਗਦਾਨ ਅਹਿਮ ਹੋਵੇਗਾ ਅਤੇ ਵਿਕਸਿਤ ਭਾਰਤ ਦੇ ਨਾਲ-ਨਾਲ ਹਰਿਆਣਾ ਵੀ ਵਿਕਸਿਤ ਬਣੇਗਾ।ਮੁੱਖ ਮੰਤਰੀ ਜਿਲ੍ਹਾ ਯਮੁਨਾਨਗਰ ਦੇ ਜਗਾਧਾਰੀ ਵਿਧਾਨ ਸਭਾ ਖੇਤਰ ਵਿਚ ਆਯੋਜਿਤ ਇਕ ਪ੍ਰੋਗ੍ਰਾਮ ਨੂੰ ਸੰਬੋਧਤ ਕਰ ਰਹੇ ਸਨ।ਸ੍ਰੀ ਨਾਇਬ ਸਿੰਘ ਸੈਣ ਨੇ ਵਿਰੋਧੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਵਿਰੋਧ ਦੇ ਨੇਤਾ ਵਿਧਾਨ ਸਭਾ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਹਿਸਾਬ ਮੰਗ ਰਹੇ ਸਨ।ਉਨ੍ਹਾਂ ਨੇ ਪਿਛਲੇ ਦੋ ਕੰਮ ਸਾਲਾਂ ਵਿਚ ਜਗਾਧਰੀ ਵਿਧਾਨ ਸਭਾ ਖੇਤਰ ਵਿਚ ਹੋਏ ਵਿਕਾਸ ਕੰਮਾਂ ਦਾ ਵਰਣਨ ਕਰਦੇ ਹੋਏ ਦਸਿਆ ਕਿ ਪਿਛਲੇ 10 ਸਾਲਾਂ ਵਿਚ ਲਗਭਗ 707 ਕਰੋੜ ਰੁਪਏ ਦੀ ਰਕਮ ਵਿਕਾਸ ਕੰਮਾਂ 'ਤੇ ਖਰਚ ਕੀਤੀ ਗਈ ਹੈ, ਜਦੋਂ ਕਿ ਕਾਂਗਰਸ ਦੇ 10 ਸਾਲਾਂ ਵਿਚ ਸਿਰਫ 351 ਕਰੋੜ ਰੁਪਏ ਖਰਚ ਕੀਤੇ ਗਏ।ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਜਗਾਧਾਰੀ ਵਿਧਾਨ ਸਭਾ ਖੇਤਰ ਦੇ ਵਿਕਾਸ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਤੀਜੇ ਕਾਰਯਕੰਮ ਵਿਚ ਵਿਕਾਸ ਅਤੇ ਲੋਕ ਭਲਾਈ ਦੇ ਕੰਮਾਂ ਵਿੱਚ ਤਿੰਨ ਗੁਣਾ ਤੇਜੀ ਲਿਆਉਣਗੇ।ਉਨ੍ਹਾਂ ਕਿਹਾ ਕਿ ਇਸ ਖੇਤਰ ਦੀ ਕਨੇਕਟਿਵਿਟੀ ਵਧਾਉਣ ਲਈ ਯਮੁਨਾਨਗਰ-ਪੰਚਕੂਲਾ ਕੌਮੀ ਰਾਜ ਮਾਰਗ ਨੰਬਰ 73 ਦਾ ਨਿਰਮਾਣ 1112 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਹੈ।ਨਵੀਂ ਉਪ-ਤਹਿਸੀਲ ਪ੍ਰਤਾਪ ਨਗਰ ਗਠਨ ਕੀਤੀ।ਛਛਰੌਲੀ ਨੂੰ ਉਪ-ਮੰਡਲ ਬਣਾਇਆ ਗਿਆ। ਦਾਦੂਪਰ ਤੋਂ ਹਮੀਦਾ ਹੈਡ ਤਕ ਨਵੀਂ ਨਹਿਰ 275 ਕਰੋੜ ਰੁਪਏ ਨਾਲ ਲਾਗਤ ਨਾਲ ਬਣਾਈ ਜਾ ਰਹੀ ਹੈ।ਹਥਿਨੀਕੁੰਡ ਬੈਰਾਜ 'ਤੇ 146 ਕਰੋੜ ਰੁਪਏ ਦੀ ਲਾਗਤ ਨਾਲ ਡਾਫਾ ਫਾਰਮ ਵਾਲ ਦਾ ਨਿਰਮਾਣ ਕੀਤਾ ਜਾ ਰਿਹਾ ਹੈ।ਟੂਰਿਜਮ ਹਬ ਬਣਾਉਣ ਲਈ ਹਥਨੀਕੁੰਡ ਬੈਰਾਜ ਦੇ ਨੇੜੇ ਪਾਰਕ ਦੀ ਰੇਨੋਵੇਸ਼ਨ ਤੇ ਸੰਦੁਰ ਬਣਾਉਣ ਦਾ ਕੰਮ 11.58 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ।ਜਗਾਧਾਰੀ ਵਿਧਾਨ ਸਭਾ ਖੇਤਰ ਵਿਚ ਸੜਕਾਂ, ਭਵਨਾਂ, ਪੁਲਾਂ, ਆਰਓਬੀ, ਆਰਯੂਬੀ ਅਤੇ ਮੰਡੀਆਂ ਦੇ ਵਿਕਾਸ 'ਤੇ 117.56 ਕਰੋੜ ਰੁਪਏ ਖਰਚ ਕੀਤੇ ਗਏ।ਖਿਜਰਾਬਾਦ ਦਾ ਨਾਂਅ ਬਦਲਕੇ ਪ੍ਰਤਾਪ ਨਗਰ ਕੀਤਾ ਗਿਆ।

ਸਰਕਾਰੀ ਹਾਈ ਸਕੂਲ ਰੱਕੜਾਂ ਢਾਹਾਂ ਨੇ ਸਿਲਵਰ ਜੁਬਲੀ ਸਮਾਗਮ ਮਨਾਇਆ

ਬਲਾਚੌਰ, ਨਵਾਂਸ਼ਹਿਰ (ਜਸਵਿੰਦਰ ਬੈਂਸ, ਕੁਲਵਿੰਦਰ ਦੁਰਗਾਪੁਰੀਆ) ਸਰਕਾਰੀ ਹਾਈ ਸਕੂਲ ਰੱਕੜਾਂ ਢਾਹਾ ਵੱਲੋਂ ਪਿਛਲੇ ਸਾਲਾਂ ਵਾਂਗ ਆਪਣਾ 25ਵਾਂ ਸਾਲਾਨਾ ਸਮਾਗਮ ਸਿਲਵਰ ਜੁਬਲੀ ਦੇ ਤੌਰ 'ਤੇ ਬੜੀ ਧੂਮ ਧਾਮ ਨਾਲ਼ ਮਨਾਇਆ ਗਿਆ। ਅੱਜ ਦੇ ਇਸ ਸਿਲਵਰ ਜੁਬਲੀ ਸਮਾਗਮ ਦੇ ਮੁੱਖ ਮਹਿਮਾਨ ਹਰਵਿੰਦਰ ਸਿੰਘ ਰੱਕੜ ਐਨ. ਆਰ. ਆਈ ਸਨ। ਸਮਾਗਮ ਵਿੱਚ ਜੁੜੇ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵਿੱਦਿਆ ਸਭ ਤੋਂ ਵੱਡਾ ਧਨ ਹੈ।ਵਿਦਿਆਰਥੀ ਇਸ ਧਨ ਨੂੰ ਪ੍ਰਾਪਤ ਕਰਨ ਅਤੇ ਆਪਣੇ ਭਵਿੱਖ ਨੂੰ ਸੁਨਹਿਰਾ ਬਣਾਉਣ।ਸਕੂਲ ਇੰਚਾਰਜ ਭੁਪਿੰਦਰ ਕੁਮਾਰ ਵਲੋਂ ਸਕੂਲ ਦੀਆਂ ਪ੍ਰਾਪਤੀਆਂ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ। ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ, ਗ੍ਰਾਮ ਪੰਚਾਇਤ, ਨੰਬਰਦਾਰ ਸਾਹਿਬਾਨ ਅਤੇ ਪਤਵੰਤਿਆਂ ਵੱਲੋਂ ਸਕੂਲ ਵਿੱਚ ਸਥਾਪਤ ਐਵਾਰਡਾਂ ਅਨੁਸਾਰ ਨਕਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਦੇ ਕੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਤੇ ਲਗਨ ਨਾਲ਼ ਪੜ੍ਹਾਈ ਕਰਨ ਲਈ ਆਖਿਆ। ਸਕੂਲ ਵਿੱਚ ਡਾ. ਕਸ਼ਮੀਰ ਸਿੰਘ ਦੇਹਲ ਐਵਾਰਡ, ਊਧਮ ਮੈਨਨ ਐਵਾਰਡ, ਜੀ. ਐੱਨ ਫਾਊਂਡੇਸ਼ਨ ਐਵਾਰਡ, ਜਸਪਾਲ ਕੌਰ ਐਵਾਰਡ ਅਤੇ ਰਾਮ ਸਰੂਪ ਸੈਂਪਲਾ ਐਵਾਰਡ ਆਦਿ ਪਿੰਡ ਵਾਸੀਆਂ ਅਤੇ ਐੱਨ ਆਰ ਆਈਜ਼ ਵਲੋਂ ਸਥਾਪਤ ਕੀਤੇ ਗਏ ਹਨ।ਇਨ੍ਹਾਂ ਐਵਾਰਡਾਂ

18 Feb Page- 9.qxd 2/17/2025 11:08 PM Page 1

ਖੇਤੀਬਾੜੀ ਮੰਤਰੀ ਵੱਲੋਂ ਕਿਸਾਨਾਂ ਨੂੰ ਨਵੀਂ ਤਕਨੀਕ ਅਪਨਾਉਣ ਦੀ ਅਪੀਲ

ਚੰਡੀਗੜ੍ਹ, (ਕ੍ਰਿਸ਼ਨ ਗਰਗ) ਹਰਿਆਣਾ ਦੇ ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਉੱਤਰੀ ਖੇਤਰ ਫਾਰਮ ਮਸ਼ੀਨਰੀ ਸਿਖਲਾਈ ਅਤੇ ਜਾਂਚ ਸੰਸਥਾਨ, ਹਿਸਾਰ ਵਿਚ ਚੱਲ ਰਹੇ ਤਿੰਨ ਦਿਨਾਂ ਦੇ ਖੇਤੀਬਾੜੀ ਦਰਸ਼ਨ ਪ੍ਰਦਰਸ਼ਨੀ ਦਾ ਦੌਰਾ ਕਰ ਨਵੀਂ ਤੇ ਆਧੁਨਿਕ ਖੇਤੀ ਤਕਨੀਕਾਂ ਦਾ ਅਵਲੋਕਨ ਕੀਤਾ ਅਤੇ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਖੇਤੀ ਵਿਚ ਉਨੱਤ ਤਕਨੀਕਾਂ ਦਾ ਸਮਾਵੇਸ਼ ਕਰ ਉਤਪਾਦਨ ਸਮਰੱਥਾ ਵਧਾਉਣ।ਸ਼ਿਆਮ ਸਿੰਘ ਰਾਣਾ ਨੇ ਅੱਜ ਉੱਤਰੀ ਖੇਤਰ ਫਾਰਮ ਮਸ਼ੀਨਰੀ ਸਿਖਲਾਈ ਅਤੇ ਜਾਂਚ ਸੰਸਥਾਨ ਹਿਸਾਰ ਵਿਚ ਚੱਲ ਰਹੇ ਤਿੰਨ ਦਿਨਾਂ ਖੇਤੀਬਾੜੀ ਦਰਸ਼ਨ ਪ੍ਰਦਰਸ਼ਨੀ ਦੇ ਦੂਜੇ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਖੇਤੀਬਾੜੀ ਮੰਤਰੀ ਨੇ ਕਿਹਾ ਕਿ ਇਹ ਪ੍ਰਦਰਸ਼ਨੀ ਹਰਿਆਣਾ ਸਰਕਾਰ ਦੇ ਖੇਤੀਬਾੜੀ ਮਸ਼ੀਨੀਕਰਣ ਮੁਹਿੰਮ ਨੂੰ ਨਵੀਂ ਤੇਜੀ ਦੇਣ ਅਤੇ ਕਿਸਾਨਾਂ ਨੂੰ ਆਧੁਨਿਕ ਤਕਨੀਕਾਂ ਨਾਲ ਜੋੜਨ ਦਾ ਇੱਕ ਸਫਲ ਯਤਨ ਹੈ।ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ, ਜਿੱਥੇ ਸਾਰੀ ਫਸਲਾਂ ਘੱਟੋ ਘੱਟ ਸਹਾਇਕ ਮੁੱਲ 'ਤੇ ਖਰੀਦੀ ਜਾ ਰਹੀ ਹੈ।ਇਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਹੀ ਮੁੱਲ ਮਿਲ ਰਿਹਾ ਹੈ ਅਤੇ ਖੇਤੀਬਾੜੀ ਖੇਤਰ ਵਿਚ ਨਵੀਂ ਕ੍ਰਾਂਤੀ ਦਾ ਸੰਚਾਰ ਹੋ ਰਿਹਾ ਹੈ।ਪ੍ਰਦਰਸ਼ਨੀ ਦੌਰਾਨ ਖੇਤੀਬਾੜੀ ਮੰਤਰੀ ਨੇ ਹਵਾ ਵਿਚ ਡਰੋਨ ਨੂੰ ਉਡਾ ਕੇ ਉਨ੍ਹਾਂ ਦੀ ਕਾਰਜਪ੍ਰਣਾਲੀ ਨੂੰ ਸਮਝਿਆ। ਉਨ੍ਹਾਂ ਨੇ ਕਿਹਾ ਕਿ ਡਰੋਨ ਤਕਨੀਕ ਨਾਲ ਕਿਸਾਨਾਂ ਨੂੰ ਕੀਟਨਾਸ਼ਕਾਂ ਅਤੇ ਫਰਟੀਲਾਈਜਾਂ ਦਾ ਛਿੜਕਾਅ ਕਰਨ ਵਿਚ ਸਹਾਇਤਾ ਮਿਲੇਗੀ, ਜਿਸ ਨਾਲ ਉਤਪਾਦਨ ਲਾਗਤ ਵਿਚ ਕਮੀ ਆਵੇਗੀ ਅਤੇ ਸਮੇਂ ਦੀ ਬਚੱਤ ਹੋਵੇਗੀ।

ਪਿੰਡਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦਾ ਵਾਅਦਾ ਹੋਵੇਗਾ ਪੂਰਾ : ਬੈਂਸ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਚੇਰੀ ਸਿੱਖਿਆ, ਉਦਯੋਗਿਕ ਸਿਖਲਾਈ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਅਤੇ ਮਾਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਨੇ ਇਥੇ ਨੇੜਲੇ ਪਿੰਡ ਸੂਰੇਵਾਲ ਅੱਪਰ ਵਿਖੇ ਗੁਰਦੁਆਰਾ ਸਾਹਿਬ ਬਾਬਾ ਬਾਲਾ ਵਿਖੇ ਸਾਲਾਨਾ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਭਰੀ ਅਤੇ ਧਾਰਮਿਕ ਅਸਥਾਨ 'ਤੇ ਨਤਮਸਤਕ ਹੋ ਕੇ ਆਸੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਜੁੜੀਆਂ ਸੰਗਤਾਂ ਤੇ ਇਲਾਕੇ ਦੇ ਪੰਚਾਂ, ਸਰਪੰਚਾਂ ਨੂੰ ਸੰਬੋਧਨ ਕਰਦੇ ਹੋਏ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਕਿਹਾ ਕਿ ਇਲਾਕੇ ਦੇ ਹਰ ਇੱਕ ਪਿੰਡ ਨੂੰ ਬੁਨਿਆਦੀ ਸਹੂਲਤਾਂ ਮੁਹੱਇਆ ਕਰਵਾਉਣ ਲਈ ਲੋੜੀਦੀਆਂ ਗ੍ਰਾਟਾਂ ਦਿੱਤੀਆਂ ਜਾਣਗੀਆਂ।ਵਿਕਾਸ ਦੇ ਕੰਮਾਂ ਵਿੱਚ ਫੰਡਾਂ ਦੀ ਕੋਈ ਘਾਟ ਨਹੀ ਆਵੇਗੀ, ਹਰ ਪਿੰਡ ਨੂੰ ਆਵਾਜਾਈ ਦੀ ਸੁਚਾਰੂ ਸਹੂਲਤ ਮੁਹੱਇਆ ਕਰਵਾਈ ਜਾਵੇਗੀ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਇਸ ਦੇ ਲਈ ਵਿਆਪਕ ਯੋਜਨਾ ਉਲੀਕੀ ਗਈ ਹੈ।ਉਨ੍ਹਾਂ ਕਿਹਾ ਕਿ ਭਾਵੇ ਪਿਛਲੇ 3 ਸਾਲਾ ਤੋਂ ਕਦੇ ਵੀ ਵਿਕਾਸ ਦੀ ਰਫਤਾਰ ਮੱਧਮ ਨਹੀ ਹੋਈ ਹੈ, ਸੜਕਾਂ, ਪੁਲਾਂ, ਗਲੀਆਂ, ਨਾਲੀਆਂ, ਲਾਈਟਾਂ ਅਤੇ ਹੋਰ ਬੁਨਿਆਦੀ ਵਿਕਾਸ ਦੇ ਕੰਮ ਲਗਾਤਾਰ ਚੱਲ ਰਹੇ ਹਨ, ਪ੍ਰੰਤੂ ਹੁਣ ਅਸੀ ਇਸ ਨੂੰ ਹੋਰ ਗਤੀ ਦੇ ਰਹੇ ਹਾਂ ਤਾਂ ਕਿ ਇਸ ਤੋ ਬਾਅਦ ਹੋਰ ਵੱਡੇ ਪ੍ਰੋਜੈਕਟਾਂ ਉਤੇ ਵੀ ਕੰਮ ਕੀਤਾ ਜਾਵੇ।ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸ਼ਨ ਮੁਹੱਇਆ ਕਰਵਾਇਆ

ਹੈ।ਸਿਹਤ ਅਤੇ ਸਿੱਖਿਆ ਵਰਗੀਆਂ ਮਿਆਰੀ ਸਹੂਲਤਾਂ ਲੋਕਾਂ ਦੇ ਘਰਾਂ ਨੇੜੇ ਪਹੁੰਚਾਈਆਂ ਹਨ, 50 ਹਜ਼ਾਰ ਨੌਕਰੀਆਂ ਦੇ ਕੇ ਸਰਕਾਰ ਨੌਜਵਾਨਾਂ ਦੇ ਭਵਿੱਖ ਸਵਾਰਨ ਦੇ ਵਾਅਦੇ ਨੂੰ ਪੂਰਾ ਕਰ ਰਹੀ ਹੈ, ਇਨ੍ਹਾਂ ਸਰਕਾਰੀ ਨੌਕਰੀਆਂ ਨੂੰ ਬਿਨਾ ਕਿਸੇ ਸ਼ਿਫਾਰਿਸ਼ ਤੋਂ ਬਿਨਾ ਪਾਰਦਰਸ਼ੀ ਤਰੀਕੇ ਨਾਲ ਕੀਤਾ ਗਿਆ ਹੈ।ਭਵਿੱਖ ਵਿੱਚ ਲੋਕ ਹਿੱਤ ਦੇ ਹੋਰ ਵੱਡੇ ਫੈਸਲੇ ਲਏ ਜਾਣਗੇ। ਮਾਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹਰ ਮੁਕਾਮ ਤੇ ਫਤਵਾ ਦਿੱਤਾ ਹੈ।ਸਾਰੀਆਂ ਚੋਣਾਂ ਵਿੱਚ ਅੱਗੇ ਤੋਂ ਵੱਧ ਮਾਣ ਪਾਰਟੀ ਦੇ ਉਮੀਦਵਾਰਾ ਨੂੰ ਮਿਲਿਆ ਹੈ, ਵੋਟ ਪ੍ਰਤੀਸ਼ਤ ਵਧੀਆਂ ਹੈ, ਇਹ ਪੰਜਾਬ ਦੇ ਵਿੱਚ ਲੋਕ ਹਿੱਤ ਦੇ ਫੈਸਲੇ ਲੈਣ ਵਾਲੀ ਸਰਕਾਰ ਦੇ ਹੱਕ ਵਿੱਚ ਫਤਵਾ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਜਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਹਰਮਿੰਦਰ ਸਿੰਘ ਢਾਹੇ ਨੇ ਕਿਹਾ ਕਿ ਅਸੀ ਪਿੰਡਾਂ ਦੇ ਪੰਚਾਂ, ਸਰਪੰਚਾਂ ਤੇ ਇਲਾਕੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਨਾਲ ਤਾਲਮੇਲ ਕਰਕੇ ਵਿਕਾਸ ਕਾਰਜਾਂ ਲਈ ਗ੍ਰਾਟਾਂ ਤੇ ਫੰਡਾਂ ਦੀ ਜਰੂਰਤ ਅਨੁਸਾਰ ਸੂਚੀਆਂ ਤਿਆਰ ਕਰ ਰਹੇ ਹਾਂ।ਇਸ ਮੌਕੇ ਰਾਮ ਕੁਮਾਰ ਮੁਕਾਰੀ ਚੇਅਰਮੈਨ, ਜਸਪਾਲ ਸਿੰਘ ਢਾਹੇ ਸਰਪੰਚ ਬਲਾਕ ਪ੍ਰਧਾਨ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਨਿਰਮਲ ਸਿੰਘ ਸਰਪੰਚ ਸੂਰੇਵਾਲ, ਕੈਪਟਨ ਬੱਗਾ ਸਿੰਘ, ਕੈਪਟਨ ਕੁਲਵੰਤ ਸਿੰਘ, ਕੈਪਟਨ ਅਮਰਜੀਤ ਸਿੰਘ, ਕੈਪਟਨ ਮੋਹਣ ਸਿੰਘ, ਕੈਪਟਨ ਸੁਲੱਖਣ ਸਿੰਘ, ਨਿਰਮਲ ਸਿੰਘ ਸਰਪੰਚ ਸੂਰੇਵਾਲ, ਨੀਰਜ ਕੁਮਾਰ ਸਰਪੰਚ, ਲੱਕੀ ਕਪਲਾ ਸਰਪੰਚ ਬਾਸੋਵਾਲ ਕਲੋਨੀ, ਬਿੱਲਾ ਸਰਪੰਚ ਦੜੋਲੀ, ਰਾਹੁਲ ਸੋਨੀ ਭਨੂਪਲੀ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

ਖਜਾਨਾ ਮੰਤਰੀ ਦੇ ਹਲਕੇ 'ਚ 20 ਨੂੰ ਰੋਸ ਪ੍ਰਦਰਸ਼ਨ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਨੇ ਜਾਰੀ ਪ੍ਰੈਸ ਨੋਟ ਰਾਹੀ ਦੱਸਿਆਂ ਕਿ ਰੁਜਗਾਰ ਦੇਣ ਦਾ ਸਹਾਰਾ ਲੈ ਕੇ ਸੱਤਾ 'ਚ ਆਈ ਪੰਜਾਬ ਸਰਕਾਰ ਆਪਣੇ ਕੀਤੇ ਵਾਅਦਿਆ ਤੋਂ ਭੱਜਦੀ ਪ੍ਰਤੀਤ ਹੋ ਰਹੀ ਹੈ, ਸਾਡੀ ਜਥੇਵੰਦੀ ਵੱਲੋਂ 26 ਨਵੰਬਰ ਨੂੰ ਸਿੱਖਿਆ ਸਕੱਤਰ ਨਾਲ ਮੀਟਿੰਗ ਕਰਕੇ ਉਹਨਾਂ ਸਾਨੂੰ ਜਲਦ ਹੀ ਸਿੱਖਿਆ ਵਿਭਾਗ 'ਚ ਮੁੜ ਬਹਾਲ ਕਰਨ ਦਾ ਵਿਸ਼ਵਾਸ ਜਤਾਇਆ ਸੀ, ਪਰ ਉਹ ਵਿਸ਼ਵਾਸ ਵੀ ਇੱਕ ਲਾਰਾ ਜਿਹਾ ਹੀ ਬਣ ਕੇ ਰਹਿ ਗਿਆ ਹੈ ਜੇਕਰ 19 ਫਰਵਰੀ ਦੀ ਹੋਣ ਵਾਲੀ ਸਬ-ਕਮੇਟੀ ਨਾਲ ਮੀਟਿੰਗ 'ਚ ਕੋਈ ਸਾਰਥਕ ਹੱਲ ਨਹੀਂ ਨਿਕਲਦਾ ਤਾਂ ਰੋਸ ਵਜੋਂ ਸਾਡੀ ਜਥੇਬੰਦੀ ਵੱਲੋਂ 20 ਫਰਵਰੀ ਨੂੰ ਸੂਬਾ ਪੱਧਰ ਇਕੱਠ ਕਰਕੇ ਖਜਾਨਾ ਮੰਤਰੀ ਹਰਪਾਲ ਚੀਮਾ ਦੇ ਹਲਕੇ 'ਚ ਰੋਸ ਮਾਰਚ ਕੀਤਾ ਜਾਵੇਗਾ ਜਿਸਦੀ ਪੂਰਨ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਜ਼ਿਕਰਯੋਗ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ 'ਚ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਈ ਜੀ ਐਸ/ਆਈ ਈ ਵੀ/ਏ ਆਈ ਈ/ਐਸ ਟੀ ਆਰ/ਸਿੱਖਿਆ ਪ੍ਰੋਵਾਇਡਰਾਂ ਆਪਣੀ ਜ਼ਿੰਦਗੀ ਦੇ ਅਣਮੁੱਲੇ ਸਾਲ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਦੇ ਤੌਰ 'ਤੇ ਸੇਵਾਵਾ ਨਿਭਾ ਚੁੱਕੇ ਹਨ ਤੇ ਹੁਣ ਸਰਕਾਰਾਂ ਨੇ ਉਹਨਾਂ ਨੂੰ ਬੇਰੁਜਗਾਰ ਕਰ ਦਿੱਤਾ ਅਤੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਜੋ ਕਿ ਕਾਫੀ ਲੰਬੇ ਸਮੇਂ ਤੋਂ ਸਿੱਖਿਆ ਵਿਭਾਗ ਵਿੱਚ ਬਹਾਲੀ ਨੂੰ ਲੈ ਕੇ ਸੰਘਰਸ਼ ਕਰ ਰਹੀ ਹੈ।ਪਰ ਲੰਬਾ ਸਮਾ ਬੀਤ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਸਿਰਫ ਲਾਰੇ 'ਤੇ ਲਾਰੇ ਹੀ ਦਿੱਤੇ ਗਏ। ਸੰਘਰਸ਼ ਨੂੰ ਦਬਾਉਣ ਲਈ ਸਰਕਾਰ ਦੁਆਰਾ ਪਰਚੇ ਵੀ ਪਾਏ ਗਏ ਹਨ।ਇਸ ਮੌਕੇ ਦਿਨੇਸ਼, ਧਰਮਪਾਲ, ਚੰਚਲ ਦੇਵੀ, ਮਮਤਾ ਬਾਲੀ, ਸੁਮਨ, ਸਨੇਹ ਲਤਾ, ਅਨੀਤਾ, ਸ਼ਰਮੀਲਾ, ਜੁਝਾਰ, ਗੁਰਸ਼ਰਨ, ਕਿਰਨ ਆਦਿ ਆਦਿ ਹਾਜ਼ਰ ਸਨ।

ਸਕੂਲਾਂ ਤੇ ਕਾਲਜਾਂ 'ਚ ਡੇਂਗੂ ਜਾਗਰੂਕਤਾ ਸੈਮੀਨਾਰ ਕਰਵਾਏ

ਸ਼ਾਹਕੋਟ (ਗਿਆਨ ਸੈਦਪੁਰੀ) ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਬੁਖਾਰ ਤੋਂ ਬਚਾਉਣ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਦੀਪਕ ਚੰਦਰ ਦੀ ਦੇਖ-ਰੇਖ ਹੇਠ ਡੇਂਗੂ ਰੋਕੂ ਮੁਹਿੰਮ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਸਕੂਲਾਂ ਅਤੇ ਕਾਲਜਾਂ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਦੇ ਨਾਲ ਕੀਤੀ ਗਈ ਹੈ।ਬੀਤੇ ਦਿਨ ਵਿਚ ਬਲਾਕ ਸ਼ਾਹਕੋਟ ਦੇ ਗਿਆਰਾਂ ਸਕੂਲਾਂ ਅਤੇ ਦੋ ਕਾਲਜਾਂ ਦੇ ਬੱਚਿਆਂ ਨੂੰ ਡੇਂਗੂ ਅਤੇ ਮਲੇਰੀਆ ਦੇ ਮੱਛਰਾਂ ਦੇ ਪ੍ਰਜਨਨ ਸਥਾਨਾਂ ਅਤੇ ਇਸ ਦੀ ਰੋਕਥਾਮ ਬਾਰੇ ਦੱਸਿਆ ਗਿਆ।ਸਰਕਾਰੀ ਸਕੂਲਾਂ ਵਿੱਚ ਕਰਵਾਏ ਗਏ ਜਾਗਰੂਕਤਾ ਸੈਸ਼ਨ ਵਿੱਚ ਸਿਹਤ ਵਿਭਾਗ ਦੇ ਮਲਟੀਪਰਪਜ਼ ਹੈਲਥ ਸੁਪਰਵਾਈਜਰ ਅਤੇ ਵਰਕਰ ਨੇ ਬੱਚਿਆਂ ਨੂੰ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ਼ ਪਾਣੀ ਵਿੱਚ ਆਂਡੇ ਦਿੰਦਾ ਹੈ, ਜੋ ਕਿ ਸਾਡੇ ਘਰਾਂ ਵਿੱਚ ਅਤੇ ਆਲੇ-ਦੁਆਲੇ ਆਸਾਨੀ ਨਾਲ ਪਾਇਆ ਜਾਂਦਾ ਹੈ। ਇਸ ਲਈ, ਕਿਤੇ ਵੀ ਪਾਣੀ ਭਰਨ ਨਾ ਦਿਓ ਅਤੇ ਹਫ਼ਤੇ ਵਿਚ ਘੱਟੋ-ਘੱਟ ਇਕ ਵਾਰ ਪਾਣੀ ਨਾਲ ਭਰੀਆਂ ਥਾਵਾਂ ਜਾਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰੋ ਅਤੇ ਉਨ੍ਹਾਂ ਨੂੰ ਸੁਕਾਓ।ਏਸੇ ਤਰਾਂ ਕਾਰਜਕਾਰੀ ਬੀ ਈ ਈ ਅਮਨਦੀਪ ਸਿੰਘ ਨੇ ਨਰਸਿੰਗ ਕਾਲਜ ਮਲਸੀਆਂ ਅਤੇ ਸਰਕਾਰੀ ਕਾਲਜ ਸ਼ਾਹਕੋਟ ਵਿੱਚ ਬੱਚਿਆਂ ਨੂੰ ਜਾਣਕਾਰੀ ਦਿੰਦਿਆ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਜਿੱਥੇ ਉਨ੍ਹਾਂ ਆਪ ਇਸ ਬਿਮਾਰੀ ਤੋਂ ਬਚਣਾ ਹੈ,ਉਥੇ ਆਪਣੇ ਗਲੀ ਗੁਆਂਢ ਵਿੱਚ ਵੀ ਇਸ ਜਾਣਕਾਰੀ ਦੇਣੀ ਹੈ। ਹੋਰਨਾਂ ਤੋਂ ਇਲਾਵਾ ਇਸ ਮੁਹਿੰਮ ਵਿੱਚ ਜਸਵੀਰ ਸਿੰਘ,ਬਲਕਾਰ ਸਿੰਘ, ਰਵੀ ਗੁਪਤਾ ਅਤੇ ਕਰਮਜੀਤ ਕੌਰ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਸੀਟੀ ਗਰੁੱਪ ਨੇ 9ਵਾਂ ਇੰਡੀਆ ਇੰਟਰਨੈਸ਼ਨਲ ਡੈਫ਼ ਫਿਲਮ ਫੈਸਟੀਵਲ ਕਰਵਾਇਆ

ਜਲੰਧਰ (ਸ਼ੈਲੀ ਐਲਬਰਟ) ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਅਤੇ ਐਨ ਐਫ ਡੀ ਸੀ ਦੇ ਸਹਿਯੋਗ ਨਾਲ, ਇਹ ਪ੍ਰੋਗਰਾਮ ਉੱਤਰੀ ਭਾਰਤ ਵਿੱਚ ਆਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਵਜੋਂ ਮਨਾਇਆ ਜਾਂਦਾ ਹੈ।ਸੀਟੀ ਗਰੁੱਪ ਨੇ ਡੈਫ਼ ਲੀਡਰਜ਼ ਫਾਊਂਡੇਸ਼ਨ ਦੇ ਸਹਿਯੋਗ ਨਾਲ, ਆਪਣੇ ਕੈਂਪਸ ਵਿੱਚ 9ਵੇਂ ਇੰਡੀਆ ਇੰਟਰਨੈਸ਼ਨਲ ਡੈਫ਼ ਫਿਲਮ ਫੈਸਟੀਵਲ ਦੀ ਸਫਲਤਾਪੂਰਵਕ ਮੇਜ਼ਬਾਨੀ ਕੀਤੀ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਅਤੇ ਨੈਸ਼ਨਲ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ (ਐਨ ਐਫ ਡੀ ਸੀ) ਦੇ ਸਮਰਥਨ ਨਾਲ ਇਹ ਪ੍ਰੋਗਰਾਮ ਉੱਤਰੀ ਭਾਰਤ ਵਿੱਚ ਇੱਕ ਮਹੱਤਵਪੂਰਨ ਪਹਿਲਕਦਮੀ ਸੀ, ਜਿਸ ਵਿੱਚ ਬੋਲ਼ੇ ਭਾਈਚਾਰੇ ਦੀ ਸ਼ਮੂਲੀਅਤ ਅਤੇ ਕਲਾਤਮਕ ਪ੍ਰਤਿਭਾ ਦਾ ਜਸ਼ਨ ਮਨਾਇਆ ਗਿਆ।ਇਸ ਮੌਕੇ 1 ਮਿੰਟ, 5 ਮਿੰਟ, 15 ਮਿੰਟ ਅਤੇ 30 ਮਿੰਟ ਸਮੇਤ ਵੱਖ-ਵੱਖ ਸ਼੍ਰੇਣੀਆਂ ਵਿੱਚ ਫਿਲਮਾਂ ਦੀ ਇੱਕ ਵਿਭਿੰਨ ਸ਼੍ਰੇਣੀ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ 15 ਮਿੰਟ ਤੋਂ ਘੱਟ ਸਮੇਂ ਦੀਆਂ ਅੰਤਰਰਾਸ਼ਟਰੀ ਫਿਲਮਾਂ 'ਤੇ ਵਿਸ਼ੇਸ਼ ਧਿਆਨ ਕੇਂਦ੍ਰਤ ਕੀਤਾ ਗਿਆ। ਭਾਗੀਦਾਰਾਂ ਨੇ ਕਈ ਵੱਕਾਰੀ ਸ਼੍ਰੇਣੀਆਂ ਵਿੱਚ ਮਾਨਤਾ ਲਈ ਮੁਕਾਬਲਾ ਕੀਤਾ, ਜਿਵੇਂ ਕਿ ਜੇਤੂ, ਉਪ ਜੇਤੂ,

ਤੀਜਾ ਸਥਾਨ, ਸਰਵੋਤਮ ਨਿਰਦੇਸ਼ਕ, ਸਰਵੋਤਮ ਅਦਾਕਾਰ, ਸਰਵੋਤਮ ਅਭਿਨੇਤਰੀ, ਸਰਵੋਤਮ ਸਟੂਡੀਓ ਅਤੇ ਸਰਵੋਤਮ ਸੰਪਾਦਨ। ਇਸ ਸਮਾਗਮ ਨੇ ਨਾ ਸਿਰਫ਼ ਬੋਲ਼ੇ ਭਾਈਚਾਰੇ ਦੀਆਂ ਕਲਾਤਮਕ ਪ੍ਰਾਪਤੀਆਂ ਨੂੰ ਉਜਾਗਰ ਕੀਤਾ, ਸਗੋਂ ਕਲਾ ਅਤੇ ਮਨੋਰੰਜਨ ਉਦਯੋਗ ਵਿੱਚ ਸਮਾਵੇਸ਼ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।ਇਸ ਮੌਕੇ ਪਤਵੰਤਿਆਂ ਦੀ ਮੌਜੂਦਗੀ ਨੇ ਮਾਣ ਦਿੱਤਾ, ਜਿਨ੍ਹਾਂ ਵਿੱਚ ਜਲੰਧਰ ਦੇ ਮੇਅਰ ਵਿਨੀਤ ਧੀਰ, ਪੰਜਾਬ ਵਿਰਾਸਤ ਅਤੇ ਸੈਰ-ਸਪਾਟਾ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਦੀਪਕ ਬਾਲੀ, ਅਵਿਨਾਸ਼ ਰਾਏ ਖੰਨਾ, ਸਾਬਕਾ ਸੰਸਦ ਮੈਂਬਰ ਭਾਜਪਾ, ਪਰਮੋਦ ਕੁਮਾਰ, ਭਾਜਪਾ ਤੋਂ ਸਮਾਜਿਕ ਕਾਰਕੁਨ, ਚੰਦਨ ਗਰੇਵਾਲ, ਸਫਾਈ ਕਰਮਚਾਰੀ ਕਮਿਸ਼ਨ, ਪੰਜਾਬ ਦੇ ਚੇਅਰਮੈਨ, ਸੁਮਿਤ ਗੋਇਲ, ਜੇਸੀਆਈ ਦੇ ਰਾਸ਼ਟਰੀ ਉਪ ਪ੍ਰਧਾਨ, ਗਾਇਕ ਆਤਿਸ਼, ਡਿਜ਼ਾਈਨਰ ਸਿਧਾਰਥ ਕੇ ਕੱਕੜ ਅਤੇ ਨਿਰਦੇਸ਼ਕ ਸਾਈਨੋਸੂਰ ਆਰਚੀ ਸਹਿਗਲ ਸ਼ਾਮਲ ਸਨ। ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਅਤੇ ਸੀਟੀ ਗਰੁੱਪ ਦੇ ਸਹਿ-ਮੈਨੇਜਿੰਗ ਡਾਇਰੈਕਟਰ ਤਾਨਿਕਾ ਚੰਨੀ ਵੀ ਮੌਜੂਦ ਸਨ, ਜਿਨ੍ਹਾਂ ਨੇ ਅਜਿਹ

18-FEB-PAGE-10.qxd 2/17/2025 10:55 PM Page 1

ਮੈਡੀਕਲ ਕੈਂਪ ਲਾਇਆ

ਝੁਨੀਰ (ਸੰਜੀਵ ਸਿੰਗਲਾ)-ਪਰਿਆਸ ਵੈਲਫੇਅਰ ਚੈਰੀਟੇਬਲ ਟਰੱਸਟ ਵੱਲੋਂ ਮੈਡੀਕਲ ਕੈਂਪ ਸ਼੍ਰੀ ਦੁਰਗਾ ਮੰਦਰ ਵਿਖੇ ਲਾਇਆ ਗਿਆ।ਕੈਂਪ ਦਾ ਉਦਘਾਟਨ ਸਰਪੰਚ ਜਗਪਾਲ ਸਿੰਘ ਖਹਿਰਾ ਨੇ ਕੀਤਾ।ਜਗਪਾਲ ਖਹਿਰਾ ਨੇ ਬੋਲਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਅਜਿਹੇ ਕੈਂਪ ਰਲ ਮਿਲ ਕੇ ਲਾਉਣੇ ਚਾਹੀਦੇ ਹਨ ਤੇ ਉਨ੍ਹਾਂ ਸਾਰੇ ਕਲੱਬ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹੋ ਜਿਹੇ ਕਾਰਜ ਕਰਦੇ ਰਹਿਣ ਉਨ੍ਹਾਂ ਵੱਲੋਂ ਕਲੱਬ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।ਟਰੱਸਟ ਦੇ ਪ੍ਰਧਾਨ ਅੰਗਰੇਜ਼ ਚੰਦ ਸਿੰਗਲਾ ਨੇ ਦੱਸਿਆ ਕਿ ਕੈਂਪ 'ਚ ਸ਼ਾਰਦਾ ਮਲਟੀਸਪੈਸ਼ਲਿਟੀ ਹੈਲਥਕੇਅਰ ਬਠਿੰਡਾ ਵੱਲੋਂ ਦਿਮਾਗ ਤੇ ਰੀੜ੍ਹ ਦੀ ਹੱਡੀ ਦੇ ਮਾਹਿਰ ਡਾ. ਵਰੁਣ ਗਰਗ ਦੀ ਟੀਮ ਵੱਲੋਂ 102 ਦੇ ਲਗਭਗ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਮਰੀਜ਼ਾਂ ਨੂੰ ਮੈਡੀਸਨ ਫ੍ਰੀ ਦਿੱਤੀ ਗਈ।

ਬੌਰੀਆ ਸਿੱਖਾਂ ਦਾ ਟੂਰਨਾਮੈਂਟ ਕਰਾਇਆ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਜੈ ਮਾਂ ਨੈਣਾਂ ਦੇਵੀ ਵੈੱਲਫੇਅਰ ਸਪੋਰਟਸ ਕਲੱਬ ਭਾਗੀਕੇ ਵੱਲੋਂ 14ਵਾਂ ਨਿਰੋਲ ਬੌਰੀਆ ਸਿੱਖਾਂ ਦਾ ਟੂਰਨਾਮੈਂਟ ਕਰਾਇਆ ਗਿਆ, ਜਿਸ ਵਿੱਚ ਆਲ ਓਪਨ ਨਿਰੋਲ ਬੌਰੀਆ ਸਿੱਖ ਕਬੱਡੀ 60 ਕਿਲੋ, ਕਬੱਡੀ 38 ਕਿਲੋ, ਕਬੱਡੀ 28 ਕਿਲੋ ਦੀਆਂ ਟੀਮਾਂ ਨੇ ਭਾਗ ਲਿਆ, ਜਿਸ ਵਿੱਚ ਆਲ ਓਪਨ ਵਿੱਚ ਭਾਗੀਕੇ ਫਸਟ ਤੇ ਦੂਜੇ ਸਥਾਨ ਉੱਪਰ ਲੇਲਾ ਮੇਘ ਸਿੰਘ ਵਾਲਾ ਦੀ ਟੀਮ ਰਹੀ ਤੇ 60 ਕਿਲੋ ਕਬੱਡੀ ਵਿੱਚ ਕੋਟਸ਼ਮੀਰ ਫਸਟ ਅਤੇ ਦੂਜੇ ਸਥਾਨ ਉੱਪਰ ਹਿੰਮਤਪੁਰਾ ਦੀ ਟੀਮ ਰਹੀ। ਉਸ ਤੋਂ ਇਲਾਵਾ 38 ਕਿਲੋ ਕਬੱਡੀ ਵਿੱਚ ਪੱਤੋ ਦੀ ਟੀਮ ਫਸਟ ਰਹੀ ਤੇ ਦੂਜਾ ਸਥਾਨ ਭਾਗੀਕੇ ਦੀ ਟੀਮ ਨੇ ਹਾਸਲ ਕੀਤਾ ਅਤੇ 28 ਕਿਲੋ ਕਬੱਡੀ ਵਿੱਚ ਗਿੱਲ ਪੱਤੀ ਫਸਟ ਰਹੀ ਤੇ ਫੂਲੇਵਾਲਾ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ ਗਿਆ। ਅੰਤ ਵਿੱਚ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਐਨ ਆਰ ਆਈ ਵੀਰ ਸਮੂਹ ਗ੍ਰਾਮ ਪੰਚਾਇਤ ਅਤੇ ਸਮੂਹ ਕਮੇਟੀ ਕਲੱਬ ਮੈਂਬਰਾਂ ਵੱਲੋਂ ਖਿਡਾਰੀਆਂ ਨੂੰ ਚੰਗੇ ਇਨਾਮਾਂ ਨਾਲ ਨਿਵਾਜਿਆ ਗਿਆ।

ਭਾਰਤੀ ਨਾਗਰਿਕਾਂ ਨੂੰ ਹੱਥਕੜੀਆਂ, ਬੇੜੀਆਂ 'ਚ ਜਕੜ ਕੇ ਵਾਪਸ ਭੇਜਣਾ ਸ਼ਰਮਨਾਕ ਕਾਰਾ : ਚੌਧਰੀ ਮੁਹੰਮਦ ਸ਼ਕੀਲ ਕਾਲਾ

ਮਾਲੇਰਕੋਟਲਾ (ਅਸਗਰ ਪਰਿਹਾਰ)-ਗਲਤ ਢੰਗ ਨਾਲ ਅਮਰੀਕਾ ਪਹੁੰਚੇ ਭਾਰਤੀਆਂ ਨੂੰ ਹੱਥਕੜੀਆਂ ਬੇੜੀਆਂ 'ਚ ਜਕੜ ਕੇ ਕੈਦੀਆਂ ਦੀ ਤਰ੍ਹਾਂ ਵਾਪਸ ਭੇਜਣਾ ਅਮਰੀਕਾ ਦਾ ਅਣਮਨੁੱਖੀ ਵਰਤਾਰਾ ਹੈ। ਔਰਤਾਂ ਤੇ ਬੱਚਿਆਂ ਨਾਲ ਵੀ ਮਾੜਾ ਵਿਹਾਰ ਕੀਤਾ ਗਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਅਕਾਲੀ ਦਲ ਦੇ ਇਕਲੌਤੇ ਕੌਂਸਲਰ ਚੌਧਰੀ ਮੁਹੰਮਦ ਸ਼ਕੀਲ ਕਾਲਾ ਨੇ ਕਰਦਿਆਂ ਕਿਹਾ ਕਿ ਇਹ ਕੇਂਦਰ ਦੀ ਐਨ.ਡੀ.ਏ ਸਰਕਾਰ ਦੀ ਅੰਤਰਰਾਸ਼ਟਰੀ ਪੱਧਰ 'ਤੇ ਡਿਪਲੋਮੈਟਿਕ ਅਸਫਲਤਾ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਆਪਣੀ ਅਮਰੀਕਾ ਫੇਰੀ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਾਹਮਣੇ ਇਹ ਮੁੱਦਾ ਜ਼ੋਰਦਾਰ ਢੰਗ ਨਾਲ ਚੁੱਕਣਾ ਚਾਹੀਦਾ ਸੀ, ਪਰ ਸ਼੍ਰੀ ਮੋਦੀ ਇਸ ਵਿਸ਼ੇ ਤੇ ਭਾਰਤ ਦਾ ਰੁੱਖ ਸਪੱਸ਼ਟ ਨਹੀਂ ਕਰ ਸਕੇ, ਜਿਸ ਕਾਰਨ ਅਮਰੀਕਾ 'ਚ ਫਸੇ ਹੋਏ ਲੱਖਾਂ ਭਾਰਤੀ ਮਾਨਸਿਕ ਤੇ ਸਰੀਰਕ ਪੀੜਾ ਝੱਲਣ ਲਈ ਮਜਬੂਰ ਹਨ। ਦੂਜੇ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਜਹਾਜ਼ਾਂ ਰਾਹੀਂ ਆਪਣੇ ਨਾਗਰਿਕਾਂ ਨੂੰ ਅਮਰੀਕਾ ਵਿੱਚੋਂ ਵਾਪਸ ਲਿਆ ਰਹੀਆਂ ਹਨ। ਇਸੇ ਤਰਜ਼ ਤੇ ਭਾਰਤ ਸਰਕਾਰ ਵੀ ਅਮਰੀਕਾ 'ਚ ਫਸੇ ਭਾਰਤੀ ਨਾਗਰਿਕਾਂ ਨੂੰ ਆਪਣੇ ਜਹਾਜ਼ਾਂ ਰਾਹੀਂ ਵਾਪਸ ਲਿਆ ਸਕਦੀ ਹੈ। ਸ਼੍ਰੀ ਸ਼ਕੀਲ ਕਾਲਾ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਕੂਟਨੀਤਿਕ ਪੱਧਰ 'ਤੇ ਇਨ੍ਹਾਂ ਭਾਰਤੀ ਨਾਗਰਿਕਾਂ ਦੀ ਬਾਇੱਜ਼ਤ ਵਾਪਸੀ ਲਈ ਯਤਨ ਕਰਨੇ ਚਾਹੀਦੇ ਹਨ। ਸ਼੍ਰੀ ਸ਼ਕੀਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਭਾਰਤ 'ਚ ਫੈਲੀ ਬੇਰੋਜ਼ਗਾਰੀ ਕਾਰਨ ਇਹ ਲੋਕ ਆਪਣੀ ਜਾਨ ਜ਼ੋਖ਼ਮ 'ਚ ਪਾ ਕੇ ਅਮਰੀਕਾ ਪਹੁੰਚੇ ਸਨ।

ਕੂੜੇ ਤੋਂ ਤਿਆਰ ਕੀਤੀ ਜਾ ਰਹੀ ਜੈਵਿਕ ਖਾਦ

ਮਲੋਟ (ਗੁਰਮੀਤ ਸਿੰਘ ਮੱਕੜ)-ਨਗਰ ਕੌਂਸਲ ਵੱਲੋਂ ਸ਼ੁਭਦੀਪ ਸਿੰਘ ਪ੍ਰਧਾਨ ਨਗਰ ਕੌਂਸਲ ਤੇ ਮੰਗਤ ਕੁਮਾਰ ਕਾਰਜ ਸਾਧਕ ਅਫਸਰ ਦੀ ਅਗਵਾਈ ਹੇਠ ਘਰਾਂ ਤੋਂ ਨਿਕਲਣ ਵਾਲੇ ਗਿੱਲੇ ਕੂੜੇ ਜਿਵੇਂ ਫ਼ਲ, ਸਬਜ਼ੀਆਂ, ਛਿਲਕੇ, ਪੱਤੇ ਆਦਿ ਦਾ ਸਹੀ ਪ੍ਰਬੰਧ ਕਰਕੇ ਜੈਵਿਕ ਖਾਦ ਤਿਆਰ ਕੀਤੀ ਜਾਂਦੀ ਹੈ। ਰਾਜ ਕੁਮਾਰ ਐਸ.ਆਈ. ਨੇ ਦੱਸਿਆ ਕਿ ਜਿਸ ਨੂੰ ਹਰ ਕੋਈ ਕੂੜਾ ਕਹਿ ਕੇ ਨਕਾਰ ਦਿੰਦਾ ਹੈ, ਉਸ ਨੂੰ ਹੁਣ ਜੈਵਿਕ ਖਾਦ ਤਿਆਰ ਕਰਕੇ ਘੱਟ ਤੋਂ ਘੱਟ ਰੇਟ 'ਤੇ ਵੇਚੀ ਜਾ ਰਹੀ ਹੈ, ਜਿਸ ਨਾਲ ਸ਼ਹਿਰ ਦੀ ਸਫਾਈ ਅਤੇ ਸੁੰਦਰਤਾ ਵਿਵਸਥਾ ਵਿਚ ਸੁਧਾਰ ਤਾਂ ਹੋ ਹੀ ਰਿਹਾ ਹੈ, ਪਰ ਨਾਲ ਹੀ ਇੱਕ ਆਮਦਨ ਦਾ ਸਾਧਨ ਵੀ ਬਣ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਨਗਰ ਕੌਂਸਲ ਮਲੋਟ ਲਗਭਗ 2500 ਰੁਪਏ ਦੀ ਖਾਦ ਵੇਚ ਚੁੱਕਾ ਹੈ।

ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਓੜੀ ਲਈ ਭੇਟਾ ਦਿੱਤੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ, ਨੇੜੇ ਪੁਰਾਣੀ ਸਬਜ਼ੀ ਮੰਡੀ ਵਿਖੇ ਚੱਲ ਰਹੀ ਦਰਸ਼ਨੀ ਡਿਓੜੀ ਦੀ ਕਾਰ ਸੇਵਾ ਲਈ ਨਵਾਂਸ਼ਹਿਰ ਦੇ ਸੇਵਾਮੁਕਤ ਵੂਡ ਸਪਲਾਈ ਇੰਸਪੈਕਟਰ ਪ੍ਰੇਮ ਸਿੰਘ ਵਲੋਂ 21,000 ਰੁਪਏ ਦੀ ਭੇਟਾ ਦਿੱਤੀ ਗਈ। ਪ੍ਰਬੰਧਕ ਕਮੇਟੀ ਦੇ ਸੁਖਦੇਵ ਸਿੰਘ ਬਿੱਟੂ ਨੇ ਦੱਸਿਆ ਕਿ ਗੁਰੂ ਘਰ ਦੀ ਦਰਸ਼ਨੀ ਡਿਓੜੀ ਦੀ ਕਾਰ ਸੇਵਾ ਦਾ ਕੰਮ ਬੜੇ ਜ਼ੋਰਾਂ ਨਾਲ ਚੱਲ ਰਿਹਾ ਹੈ ਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਇਹ ਜਲਦ ਮੁਕੰਮਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸੇਵਾ ਲਈ ਬਹੁਤ ਦਾਨੀ ਸੱਜਣ ਅੱਗੇ ਆ ਰਹੇ ਹਨ ਤੇ ਸੇਵਾਮੁਕਤ ਇੰਸਪੈਕਟਰ ਪ੍ਰੇਮ ਸਿੰਘ ਵਲੋਂ ਦਿੱਤੀ ਭੇਟਾ ਕਾਰਨ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ।

ਮੁਫਤ ਮੈਡੀਕਲ ਕੈਂਪ 'ਚ 250 ਮਰੀਜਾਂ ਦੀ ਕੀਤੀ ਜਾਂਚ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਗਲੋਬਲ ਹਾਰਟ ਐਂਡ ਸੁਪਰ ਸਪੈਸ਼ਲਿਟੀ ਹਸਪਤਾਲ ਲੁਧਿਆਣਾ ਵੱਲੋਂ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ, ਬਲਾਕ ਮਹਿਲ ਕਲਾਂ, ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਇਤਿਹਾਸਿਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ (ਬਰਨਾਲਾ) ਵਿਖੇ ਲਗਾਇਆ ਗਿਆ,ਜਿਸ ਦਾ ਉਦਘਾਟਨ ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਕੀਤਾ। ਗੁਰਦੁਆਰਾ ਕਮੇਟੀ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਡਾ: ਮਨਜੀਤ ਸਿੰਘ ਬਮਰਾ, ਡਾ: ਅਮਰਜੀਤ ਸਿੰਘ ਕਾਲਸਾਂ, ਡਾ: ਦਲਬਾਰ ਸਿੰਘ ਮਹਿਲ ਕਲਾਂ ਨੇ ਦੱਸਿਆ ਕਿ ਇਸ ਮੌਕੇ ਮਾਹਿਰ ਡਾਕਟਰ ਡਾ: ਸੁਮੇਲ ਸਿੰਘ ਵਾਂਡਰ, ਡਾ: ਅਮਰਿੰਦਰ ਸਿੰਘ ਮੈਡੀਸ਼ਨ, ਹੱਡੀਆਂ ਦੇ ਮਾਹਿਰ ਡਾ: ਅਮਤੋਜ ਸਿੰਘ, ਪੀ ਐਮ ਸੋਹਲ ਦੀ ਅਗਵਾਈ ਹੇਠ ਸਹਿਯੋਗੀ ਟੀਮ ਵਲੋਂ 250 ਮਰੀਜ਼ਾਂ ਦੀ ਜਾਂਚ ਕਰਕੇ ਲੋੜੀਦੇ ਟੈਸਟ ਫਰੀ ਕੀਤੇ ਜਾਣ ਤੋਂ ਇਲਾਵਾ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਪ੍ਰਧਾਨ ਸ਼ੇਰ ਸਿੰਘ ਖ਼ਾਲਸਾ, ਡਾ: ਕੇਸਰ ਖਾਨ, ਡਾ: ਦਲਬਾਰ ਸਿੰਘ ਨੇ ਇਸ ਕੈਂਪ ਦੀ ਸਫਲਤਾ ਲਈ ਸਾਰਿਆਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਬਾਬਾ ਸ਼ੇਰ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਸਮੂਹ ਡਾਕਟਰ ਸਾਹਿਬਾਨ ਦੀ ਟੀਮ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ: ਗੁਰਮੀਤ ਸਿੰਘ ਦੀਵਾਨਾ, ਡਾ: ਨਿਰਭੈ ਸਿੰਘ ਨਿਹਾਲੂਵਾਲ, ਬੇਅੰਤ ਸਿੰਘ ਮੂੰਮ, ਕੇਵਲ ਸਿੰਘ, ਜੰਗ ਬਹਾਦਰ ਸਿੰਘ ਬੋਪਾਰਾਏ, ਮੇਜਰ ਸਿੰਘ ਛਾਪਾ, ਬਲਵੀਰ ਸਿੰਘ ਗੋਬਿੰਦਗੜ੍ਹ, ਹਰਬੰਸ ਸਿੰਘ ਹਮੀਦੀ, ਸੁਖਵਿੰਦਰ ਸਿੰਘ ਕਾਲਸਾਂ, ਜਥੇ: ਗੁਰਦੀਪ ਸਿੰਘ ਟਿਵਾਣਾ, ਅਵਤਾਰ ਸਿੰਘ ਗਰੇਵਾਲ, ਰਣਜੀਤ ਸਿੰਘ ਬਿੱਟੂ ਅਤੇ ਬਾਬਾ ਹਰੀ ਸਿੰਘ ਆਦਿ ਹਾਜ਼ਰ ਸਨ।

ਪੀ ਆਰ ਟੀ ਸੀ ਦੀ ਮੈਨੇਜਮੈਂਟ ਮੰਨੀਆਂ ਮੰਗਾਂ ਨੂੰ ਲਾਗੂ ਕਰੇ, ਨਹੀਂ ਤਾਂ ਹੋਣਗੇ ਵੱਡੇ ਸੰਘਰਸ਼ : ਗੁਰਪ੍ਰੀਤ ਸਿੰਘ ਢਿੱਲੋਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)

ਪੰਜਾਬ ਰੋਡਵੇਜ਼/ਪਨਬਸ/ ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਢਿੱਲੋਂ, ਗੁਰਸੇਵਕ ਸਿੰਘ ਡਿਪੂ ਜਨਰਲ ਸਕੱਤਰ, ਮਨਪ੍ਰੀਤ ਸਿੰਘ, ਜੁਆਇੰਟ ਸਕੱਤਰ ਨੇ ਡਿਪੂ ਸ੍ਰੀ ਮੁਕਤਸਰ ਸਾਹਿਬ ਦੇ ਗੇਟ 'ਤੇ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਬਿਲਕੁਲ ਹੀ ਫੇਲ੍ਹ ਹੋ ਚੁੱਕੀ ਹੈ।ਪੰਜਾਬ ਵਿੱਚ ਪੰਜਾਬ ਦੀ ਪਬਲਿਕ ਨੂੰ ਫ੍ਰੀ ਸਫ਼ਰ ਸਹੂਲਤ ਦਿੱਤੀ ਗਈ ਹੈ। ਲਗਭਗ 8-10 ਮਹੀਨੇ ਬੀਤ ਚੁੱਕੇ ਹਨ ਦੋਵੇਂ ਵਿਭਾਗਾਂ ਦਾ ਫਰੀ ਸਫ਼ਰ ਸਹੂਲਤ ਦਾ ਪੈਸਾ ਰਲੀਜ਼ ਨਹੀਂ ਕੀਤਾ ਗਿਆ ਲਗਭਗ 800 ਸੌ ਕਰੋੜ ਰੁਪਏ ਦਾ ਬਕਾਇਆ ਪੰਜਾਬ ਸਰਕਾਰ ਵੱਲੋਂ ਪੈਂਡਿੰਗ ਹੋ ਗਿਆ ਹੈ, ਜਿਸ ਦੇ ਕਾਰਨ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿੱਚ ਵੀ ਰੁਕਾਵਟ ਆ ਰਹੀ ਹੈ, ਬੱਸਾਂ ਦੇ ਸਪੇਅਰ ਪਾਰਟ ਦੀ ਵੀ ਵੱਡੀ ਘਾਟ ਪੈਦਾ ਹੋ ਗਈ ਹੈ।ਸਰਕਾਰ ਪੈਸਾ ਰਿਲੀਜ਼ ਕਰਨ ਦੇ ਵਿੱਚ ਅੜਚਣ ਪੈਦਾ ਕਰ ਰਹੀ ਹੈ।ਨਜਾਇਜ਼ ਤੌਰ 'ਤੇ ਕਟੌਤੀਆਂ ਵੀ ਕਰ ਰਹੀ ਹੈ, ਜਿਸ ਦੇ ਕਾਰਣ ਮੁਲਾਜ਼ਮਾਂ ਨੂੰ ਵੱਡੀ ਦਿਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਕਲੇਮ ਨਾ ਆਉਣ ਕਰਕੇ ਮੁਲਾਜ਼ਮਾਂ ਦੇ ਪਰਵਾਰਾਂ ਦਾ ਗੁਜ਼ਾਰਾ ਵੀ ਬੜੀ ਮੁਸ਼ਕਲ ਨਾਲ ਚੱਲ ਰਿਹਾ ਹੈ।ਹਰ ਬੱਸ ਵਿੱਚ 100+ ਸਵਾਰੀ ਸਫ਼ਰ ਕਰ ਰਹੀ ਹੈ, ਜਦੋਂਕਿ ਪੰਜਾਬ ਸਰਕਾਰ ਨੂੰ ਚਾਹੀਦਾ ਸੀ ਕਿ ਪੰਜਾਬ ਦੀ ਅਬਾਦੀ ਦੇ ਮੁਤਾਬਕ ਬੱਸਾਂ ਪਾਈਆਂ ਜਾਣ, ਪ੍ਰੰਤੂ ਸਰਕਾਰ ਵੱਲੋਂ ਕਿਲੋਮੀਟਰ ਸਕੀਮ ਤਹਿਤ ਬੱਸਾਂ (ਪ੍ਰਾਈਵੇਟ ਬੱਸਾਂ) ਪਾ ਕੇ ਫੋਕੀ ਸੋਹਰਤ ਖੱਟੀ

ਜਾ ਰਹੀ ਹੈ ਤੇ ਵੱਡੇ ਵੱਡੇ ਪੋਸਟਰ ਲਏ ਜਾ ਰਹੇ ।ਡੀਪੂ ਪ੍ਰਧਾਨ ਜਗਸੀਰ ਸਿੰਘ ਮਾਣਕ, ਮਨਜੀਤ ਸਿੰਘ ਮੀਤ ਪ੍ਰਧਾਨ, ਭੁਪਿੰਦਰ ਸਿੰਘ ਸੰਧੂ ਮੀਤ ਪ੍ਰਧਾਨ, ਗੁਰਵਿੰਦਰ ਸਿੰਘ ਖ਼ਜ਼ਾਨਚੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੁੱਝ ਮੰਗਾਂ ਨੂੰ ਪ੍ਰਵਾਨਗੀ ਦੇ ਦਿੱਤੀ ਸੀ, ਪ੍ਰੰਤੂ ਪੀ.ਆਰ.ਟੀ.ਸੀ ਮੈਨੇਜਮੈਂਟ ਜਾਣ ਬੁੱਝ ਕੇ ਮੰਗਾਂ ਨੂੰ ਅਣਗੌਲਿਆਂ ਕਰ ਰਹੀ ਹੈ। ਵਾਰ-ਵਾਰ ਸੰਘਰਸ਼ ਕਰਨ ਦੇ ਲਈ ਮਜਬੂਰ ਕਰ ਰਹੀ ਹੈ।

ਗੁਰਵਿੰਦਰ ਸਿੰਘ ਵਰਕਸ਼ਾਪ ਪ੍ਰਧਾਨ ਨੇ ਬੋਲਦਿਆਂ ਕਿਹਾ ਕਿ 1 ਜੁਲਾਈ 2024 ਨੂੰ ਮੁੱਖ ਪੰਜਾਬ ਨੇ ਮੰਗਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਸੀ, ਪ੍ਰੰਤੂ ਕੋਈ ਹੱਲ ਨਹੀਂ ਹੋਇਆ। ਇਸ ਤੋਂ ਇਲਾਵਾ 8-10 ਮਹੀਨੇ ਤੋ ਪੈਂਡਿੰਗ ਪਿਆ ਪੈਸਾ ਵੀ ਰਿਲੀਜ਼ ਨਹੀਂ ਕੀਤਾ ਗਿਆ। ਮੁਲਾਜ਼ਮਾਂ ਨੂੰ ਤਨਖਾਹ ਵਿੱਚ ਤੰਗੀ ਆ ਰਹੀ ਹੈ।ਪੀ.ਆਰ.ਟੀ.ਸੀ ਦੀ ਮੈਨੇਜਮੈਂਟ ਮੰਨੀਆਂ ਮੰਗਾਂ ਨੂੰ ਲਾਗੂ ਕਰਨ ਦੇ ਲਈ ਹਰ ਵਾਰ ਟਾਲ ਮਟੋਲ ਕਰਦੀ ਆ ਰਹੀ, ਜਿਸ ਦੇ ਰੋਸ ਵਜੋਂ 17 ਫਰਵਰੀ ਨੂੰ ਗੇਟ ਰੈਲੀਆਂ ਕੀਤੀਆਂ ਗਈਆਂ ਤੇ ਮੈਨੇਜਮੈਂਟ ਵੱਲੋਂ ਮੰਗਾਂ ਨੂੰ ਪੂਰਾ ਨਾ ਕੀਤਾ ਅਤੇ ਤਨਖਾਹਾਂ ਨਾ ਜਾਰੀ ਕੀਤੀਆਂ ਗਈਆਂ ਤਾਂ 19 ਤਰੀਕ ਨੂੰ ਸਾਰੇ ਹੀ ਬੱਸ ਸਟੈਂਡ 2 ਘੰਟੇ ਲਈ ਬੰਦ ਕੀਤੇ ਜਾਣਗੇ ਤੇ ਫੇਰ ਵੀ ਹੱਲ ਨਾ ਹੋਇਆ ਤੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਵੱਲੋਂ ਮੰਨੀਆਂ ਮੰਗਾਂ ਦੇ ਪੱਤਰ ਕੱਢ ਕੇ ਲਾਗੂ ਨਾ ਕੀਤੇ ਗਏ ਤਾਂ 24 ਫਰਵਰੀ ਨੂੰ ਪਟਿਆਲਾ ਸਹਿਰ ਮੇਨ ਬੱਸ ਸਟੈਂਡ ਬੰਦ ਕਰਨ ਸਮੇਤ ਸ਼ਹਿਰ ਦੇ ਮੇਨ ਚੌਕ ਬੰਦ ਕੀਤੇ ਜਾਣਗੇ। ਜੇਕਰ ਫਿਰ ਵੀ ਪੰਜਾਬ ਸਰਕਾਰ ਨੇ ਬਜਟ ਰਿਲੀਜ਼ ਨਾ ਕੀਤਾ ਅਤੇ ਪੀ.ਆਰ.ਟੀ.ਸੀ ਮਨੇਜਮੈਂਟ ਨੇ ਮੰਗਾਂ ਦਾ ਹੱਲ ਨਹੀਂ ਕੀਤਾ ਤਾਂ ਮੁੜ ਤੋਂ ਪੂਰੇ ਪੰਜਾਬ ਦਾ ਚੱਕਾ ਜਾਮ ਕਰਕੇ ਵਿਧਾਨ ਸਭਾ ਦੇ ਸੈਸ਼ਨ ਵੱਲ ਵੀ ਕੁਚ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ

ਰਾਸ਼ਟਰੀ ਝੰਡਾ ਲਹਿਰਾਉਣ ਮੌਕੇ ਫਲੈਗ ਕੋਡ ਆਫ਼ ਇੰਡੀਆ ਦੀਆਂ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ : ਡੀ ਸੀ

ਮਾਲੇਰਕੋਟਲਾ (ਅਸਗਰ ਪਰਿਹਾਰ)

ਸਾਡਾ ਰਾਸ਼ਟਰੀ ਝੰਡਾ ਭਾਰਤ ਦੇ ਲੋਕਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਦਰਸਾਉਂਦਾ ਹੈ। ਇਹ ਸਾਡੇ ਰਾਸ਼ਟਰੀ ਸਵੈਮਾਣ ਦਾ ਪ੍ਰਤੀਕ ਹੈ ਤੇ ਰਾਸ਼ਟਰੀ ਝੰਡੇ ਲਈ ਵਿਸ਼ਵ ਵਿਆਪੀ ਪਿਆਰ ਅਤ

18-Feb-PAGE-11-Majha-25.qxd 2/17/2025 11:00 PM Page 1

'ਸਾਈਬਰ ਧੱਕੇਸ਼ਾਹੀ ਤੇ ਇਸ ਦੀ ਸੁਰੱਖਿਆ' ਵਿਸ਼ੇ 'ਤੇ ਖਾਲਸਾ ਕਾਲਜ 'ਚ ਲੈਕਚਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)—ਖ਼ਾਲਸਾ ਕਾਲਜ ਦੇ ਸਮਾਜ ਵਿਗਿਆਨ ਵਿਭਾਗ ਵੱਲੋਂ ਸੋਸ਼ਲ ਮੀਡੀਆ ਦੇ ਦੌਰ 'ਚ ਸਾਈਬਰ ਧੱਕੇਸ਼ਾਹੀ ਅਤੇ ਇਸ ਦੀ ਸੁਰੱਖਿਆ ਦੇ ਸਮਾਜਿਕ ਪਰਿਪੇਖ ਨੂੰ ਉਘਾੜਨ ਲਈ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ: ਅਰਵਿੰਦਰ ਕੌਰ ਕਾਹਲੋਂ ਦੀ ਸਰਪ੍ਰਸਤੀ ਅਧੀਨ ਅਤੇ ਪ੍ਰੋ: ਜਸਪ੍ਰੀਤ ਕੌਰ ਡੀਨ ਹਿਊਮੈਨੀਟੀ ਦੀ ਅਗਵਾਈ ਹੇਠ ਆਯੋਜਿਤ ਇਸ ਮਹੱਤਵਪੂਰਨ ਵਿਸ਼ੇ 'ਤੇ ਗੱਲਬਾਤ ਕਰਨ ਲਈ ਡਾ: ਰਚਨਾ ਸ਼ਰਮਾ ਸਹਾਇਕ ਪ੍ਰੋਫੈਸਰ ਸਮਾਜ ਵਿਗਿਆਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਪਹੁੰਚੇ ਸਨ।ਇਸ ਮੌਕੇ ਪ੍ਰਿੰ: ਡਾ: ਕਾਹਲੋਂ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆ ਕਿਹਾ ਕਿ ਸਾਈਬਰ ਠੱਗੀਆਂ ਲਗਾਤਾਰ ਵੱਧ ਰਹੀਆਂ ਹਨ ਇਸ ਬਾਰੇ ਸਮਾਜ ਨੂੰ ਜਾਗਰੂਕ ਕਰਵਾਉਣਾ ਬਹੁਤ ਜਰੂਰੀ ਹੈ। ਡਾ: ਰਚਨਾ ਨੇ ਸਾਈਬਰ ਠੱਗੀ ਅਤੇ ਧੱਕੇਸ਼ਾਹੀ ਦੀ ਦੁਨੀਆਂ ਬਾਰੇ ਜਾਣਕਾਰੀ ਦਿੰਦਿਆਂ ਵੱਖ ਵੱਖ ਸੋਸ਼ਲ ਮੀਡੀਆ ਸਾਈਟਾਂ ਬਾਰੇ ਦੱਸਿਆ ਜਿਸ ਰਾਹੀਂ ਉਨ੍ਹਾਂ ਨਾਲ ਠੱਗੀ ਵੱਜ ਸਕਦੀ ਹੈ।ਉਨ੍ਹਾਂ ਨੇ ਐੱਨ. ਸੀ. ਆਰ. ਬੀ. ਦੁਆਰਾ ਇਕੱਠਾ ਕੀਤਾ ਡਾਟਾ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਜਿਸ ਵਿਚ ਵੱਖ ਵੱਖ ਕਿਸਮ ਦੀ ਠੱਗੀ ਧੋਖੇਸ਼ਾਹੀ ਦਾ ਵਰਣਨ ਸੀ।ਇਸ ਮੌਕੇ ਡਾ: ਸ਼ਰਮਾ ਨੇ ਸਾਈਬਰ ਧੱਕੇਸ਼ਾਹੀ ਦੀ ਧਾਰਨਾ ਅਤੇ ਇਹ ਵੱਖ-ਵੱਖ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਰਾਹੀਂ ਕਿਵੇਂ ਕੀਤੀ ਜਾਂਦੀ ਹੈ, ਤੋਂ ਜਾਣੂ ਕਰਵਾਇਆ।ਉਨ੍ਹਾਂ ਨੇ ਐੱਨ. ਸੀ. ਆਰ. ਬੀ. ਦੇ ਅੰਕੜਿਆਂ ਦਾ ਹਵਾਲਾ ਦਿੱਤਾ ਜੋ ਸਾਈਬਰ ਧੱਕੇਸ਼ਾਹੀ ਦੇ ਹਾਲੀਆ ਰੁਝਾਨਾਂ ਜਿਵੇਂ ਕਿ ਸਾਈਬਰ ਸਟਾਕਿੰਗ, ਮਾਨਹਾਨੀ, ਸਾਈਬਰ ਬਲੈਕਮੇਲਿੰਗ, ਜਾਅਲੀ ਖ਼ਬਰਾਂ ਆਦਿ ਨੂੰ ਉਜਾਗਰ ਕਰਦੇ ਹਨ।ਇਸਦੇ ਨਾਲ ਹੀ ਉਨ੍ਹਾਂ ਨੂੰ ਟੈਲੀ ਮਾਨਸ ਨਾਮਕ ਇੱਕ ਹੈਲਪਲਾਈਨ ਤੋਂ ਜਾਣੂ ਕਰਵਾਇਆ ਜੋ ਕਿ ਅੰਨਲਾਈਨ ਧੱਕੇਸ਼ਾਹੀ ਦੇ ਸ਼ਿਕਾਰ ਲੋਕਾਂ ਦੀਆਂ ਮਾਨਸਿਕ ਸਮੱਸਿਆਵਾਂ ਨਾਲ ਨਜਿੱਠਣ ਲਈ ਦੇਸ਼ ਭਰ ਵਿੱਚ ਕੰਮ ਕਰਦੀ ਹੈ।ਇਸ ਤੋਂ ਇਲਾਵਾ ਉਨ੍ਹਾਂ ਡਿਜੀਟਲ ਪਲੇਟਫਾਰਮਾਂ 'ਤੇ ਖੁਦ ਨੂੰ ਸੁਰੱਖਿਅਤ ਰੱਖਣ ਲਈ ਵਿਅਕਤੀ ਵੱਖ-ਵੱਖ ਸਾਵਧਾਨੀ ਵਾਲੇ ਕਦਮਾਂ 'ਤੇ ਜ਼ੋਰ ਦਿੱਤਾ।ਉਦਾਹਰਣ ਵਜੋਂ ਉਨਾਂ ਦੀ ਪ੍ਰੋਫਾਈਲ 'ਤੇ ਨਿਯਮਤ ਜਾਂਚ ਰੱਖਣਾ, ਉਨ੍ਹਾਂ ਦੇ ਖਾਤੇ 'ਚ ਅਜਨਬੀਆਂ ਨੂੰ ਸ਼ਾਮਿਲ ਨਾ ਕਰਨਾ ਅਤੇ ਉਨ੍ਹਾਂ ਦੇ ਟਿਕਾਣੇ ਦੀ ਕੋਈ ਵੀ ਪੂਰਵ ਜਾਣਕਾਰੀ ਸਾਂਝੀ ਨਾ ਕਰਨਾ।ਇਸ ਮੌਕੇ ਇਕ ਇੰਟਰਐਕਟਿਵ ਸੈਸ਼ਨ ਆਯੋਜਿਤ ਕੀਤਾ ਗਿਆ ਜਿੱਥੇ ਮਹਿਮਾਨ ਬੁਲਾਰੇ ਨੇ ਵਿਦਿਆਰਥੀਆਂ ਦੇ ਨਿੱਜੀ ਸਵਾਲਾਂ ਦੇ ਜਵਾਬ ਦਿੱਤੇ।ਜ਼ਿਆਦਾਤਰ ਵਿਦਿਆਰਥੀ ਇਸ ਅਣਸੁਲਝੇ ਮੁੱਦੇ 'ਤੇ ਬਿਹਤਰ ਸਪੱਸ਼ਟਤਾ ਲਈ ਇਸ ਸਮੱਸਿਆ ਦੇ ਮੂਲ ਕਾਰਨਾਂ ਨੂੰ ਜਾਣਨ ਲਈ ਉਤਸੁਕ ਸਨ।ਸਮਾਜ ਵਿਗਿਆਨ ਵਿਭਾਗ ਦੇ ਇੰਚਾਰਜ ਡਾ: ਸੁਖਬੀਰ ਸਿੰਘ ਨੇ ਮਹਿਮਾਨ ਬੁਲਾਰੇ ਅਤੇ ਡਾ: ਜਸਦੀਪ ਕੌਰ ਅਤੇ ਡਾ: ਭਾਰਤੀ ਜਸਰੋਟੀਆ ਸਮੇਤ ਪ੍ਰਬੰਧਕੀ ਕਮੇਟੀ ਦੇ ਹੋਰ ਸਾਰੇ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਸਮਾਜਿਕ ਵਿਗਿਆਨ ਦੇ ਹੋਰ ਫੈਕਲਟੀ ਮੈਂਬਰਾਂ ਮਾਨਵ ਸ਼ਰਮਾ, ਦੀਕਸ਼ਾ ਸ਼ਰਮਾ, ਰੂਪਕੰਵਲ ਕੌਰ, ਸਮਰਦੀਪ ਕੌਰ, ਸੰਦੀਪ ਕੌਰ, ਡਾ: ਹਰਮਨਦੀਪ ਕੌਰ ਦਾ ਮੰਜੂਦਗੀ ਲਈ ਧੰਨਵਾਦ ਕੀਤਾ।

ਧਾਰਮਿਕ ਅਸਥਾਨਾਂ ਦੇ ਪ੍ਰਬੰਧਕਾਂ ਨੂੰ ਉੱਚੀ ਆਵਾਜ਼ 'ਚ ਸਪੀਕਰ ਨਾ ਲਗਾਉਣ ਦੀ ਅਪੀਲ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਾ. ਹਰਜਿੰਦਰ ਸਿੰਘ ਬੇਦੀ ਆਈਏਐੱਸ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਜ਼ਿਲ੍ਹੇ ਦੇ ਸਮੂਹ ਧਾਰਮਿਕ ਅਸਥਾਨਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਮਤਿਹਾਨਾਂ ਦੇ ਮੱਦੇਨਜ਼ਰ ਸਵੇਰੇ-ਸ਼ਾਮ ਧਾਰਮਿਕ ਅਸਥਾਨਾਂ ਵਿੱਚ ਉਚੀ ਆਵਾਜ਼ ਵਿੱਚ ਸਪੀਕਰ ਨਾ ਲਗਾਉਣ।ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਮੇਂ ਬੋਰਡ ਦੀਆਂ ਜਮਾਤਾਂ ਸਮੇਤ ਸਾਰੀਆਂ ਹੀ ਜਮਾਤਾਂ ਦੇ ਪੇਪਰ ਚੱਲ ਰਹੇ ਹਨ ਅਤੇ ਵਿਦਿਆਰਥੀਆਂ ਵੱਲੋਂ ਆਪਣੇ ਇਮਤਿਹਾਨਾਂ ਦੀ ਤਿਆਰੀ ਕੀਤੀ ਜਾ ਰਹੀ ਹੈ। ਅਜਿਹੇ ਵਿੱਚ ਉੱਚੀ ਆਵਾਜ਼ ਵਿੱਚ ਸਪੀਕਰ ਲੱਗਣ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਘਨ ਪੈਂਦਾ ਹੈ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਧਾਰਮਿਕ ਅਸਥਾਨਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਉੱਚੀ ਆਵਾਜ਼ ਵਿੱਚ ਸਪੀਕਰ ਨਾ ਲਗਾਏ ਜਾਣ।ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਮੈਜਿਸਟਰੇਟ ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਮਾਨਯੋਗ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ (ਸਿਵਲ ਰਿੱਟ ਪਟੀਸ਼ਨ ਨੰਬਰ 72 ਇਨ ਰੈਫਰੇਂਸ ਨੋਟਿਸ ਪਲਿਊਸ਼ਨ ਵਿਦ ਅਪੀਲ ਨੰਬਰ 3735 ਆਫ਼ 2005 ਅਰਾਈਜ਼ਿੰਗ ਆਊਟ ਐਸਪੀਐੱਲ ਨੰਬਰ 2185/2003) ਵਿੱਚ ਪਾਸ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀਆਂ ਸੀਮਾਵਾਂ ਅੰਦਰ ਉੱਚੀ ਆਵਾਜ਼ ਵਿੱਚ ਚਲਾਏ ਜਾਂਦੇ ਮਿਊਜ਼ਿਕ, ਧਮਾਕਾ ਕਰਨ ਵਾਲੇ ਪਦਾਰਥਾਂ, ਗੱਡੀਆਂ ਦੇ ਪ੍ਰੈਸ਼ਰ ਹਾਰਨਾਂ ਅਤੇ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰ ਚਲਾਉਣ 'ਤੇ ਪਾਬੰਦੀ ਲਗਾਈ ਹੋਈ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਮਨਾਹੀ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਦੇਸ਼ ਪ੍ਰੇਮੀ ਸਰਦੂਲ ਸਿੰਘ ਸਹਾਬਪੁਰ ਨੂੰ ਚੇਤੇ ਕਰਦਿਆਂ...

ਅੱਜ ਭੋਗ 'ਤੇ ਵਿਸ਼ੇਸ਼

ਜ਼ਿੰਦਗੀ ਜਿਊਣੀ ਵੀ ਇੱਕ ਕਲਾ ਹੈ ਪਰ ਕੁਦਰਤ ਵੱਲੋਂ ਇਹ ਕਲਾ ਕਿਸੇ-ਕਿਸੇ ਮਨੁੱਖ ਦੇ ਹਿੱਸੇ ਹੀ ਆਈ ਹੈ। ਨਹੀਂ ਤਾਂ ਆਮ ਤੌਰ 'ਤੇ ਬਹੁਤਾਤ ਗਿਣਤੀ ਲੋਕ ਜ਼ਿੰਦਗੀ ਜਿਊਂਦੇ ਨਹੀਂ, ਕੱਟਦੇ ਹਨ।ਇਹ ਅਨੋਖੀ ਕਲਾ ਸਵ: ਸਰਦੂਲ ਸਿੰਘ ਸਹਾਬਪੁਰ ਕੋਲ ਵੀ ਸੀ। ਸਰਦੂਲ ਸਿੰਘ ਦਾ ਜਨਮ 25-9-1945 ਨੂੰ ਮਾਤਾ ਤਾਰ ਕੌਰ ਤੇ ਪਿਤਾ ਸ: ਠਾਕੁਰ ਸਿੰਘ ਸੁਤੰਤਰਤਾ ਸੰਗਰਾਮੀ ਦੇ ਗ੍ਰਹਿ ਪਿੰਡ ਸਹਾਬਪੁਰ ਜ਼ਿਲਾ ਤਰਨ ਤਾਰਨ ਵਿਖੇ ਹੋਇਆ।

ਸਰਦੂਲ ਸਿੰਘ ਨੇ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹਾਸਿਲ ਕੀਤੀ। 25 ਸਤੰਬਰ 1965 ਨੂੰ ਉਹ ਫੌਜ ਵਿੱਚ ਭਰਤੀ ਹੋ ਗਏ।ਉਨ੍ਹਾਂ 1971 ਦੀ ਜੰਗ ਜਿੱਤਣ 'ਚ ਆਪਣਾ ਯੋਗਦਾਨ ਪਾਇਆ ਅਤੇ ਪਾਕਿਸਤਾਨ ਦੇ ਜ਼ਿਲਾ ਸਿਆਲਕੋਟ ਵਿਖੇ ਰਹਿ ਕੇ ਤਿਰੰਗਾ ਲਹਿਰਾਇਆ।ਨਿਭਾਈਆਂ ਸ਼ਲਾਘਾਯੋਗ ਸੇਵਾਵਾਂ ਬਦਲੇ ਉਨ੍ਹਾਂ ਮੈਡਲ ਹਾਸਿਲ ਕੀਤੇ।ਫੌਜ ਵਿੱਚ 19 ਸਾਲ 6 ਮਹੀਨੇ ਸੇਵਾ ਨਿਭਾ ਕੇ 1984 ਨੂੰ ਪੰਜਾਬ ਪੁਲਸ 'ਚ 23 ਸਾਲ ਸੇਵਾ ਨਿਭਾਈ।ਉਨ੍ਹਾਂ ਦਾ ਅਨੰਦ ਕਾਰਜ 1960 ਨੂੰ ਗਿਆਨ ਕੌਰ ਨਾਲ ਨਾਲ ਹੋਇਆ ਜਿਨ੍ਹਾਂ ਦੇ 4 ਲੜਕੀਆਂ ਤੇ 2 ਲੜਕੇ ਪੈਦਾ ਹੋਏ। ਇੱਕ ਪੁੱਤਰ ਦਿਲਬਾਗ ਸਿੰਘ ਸਿੱਖਿਆ ਵਿਭਾਗ ਪੰਜਾਬ ਅੰਦਰ ਬਤੌਰ ਬਲਾਕ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਵਿਖੇ ਸ਼ਾਨਦਾਰ ਸੇਵਾ ਨਿਭਾ ਰਿਹਾ।ਦੂਜਾ ਬੇਟਾ ਹਰਿਦਰ ਸਿੰਘ ਵੀ ਬੀਏ, ਬੀਐੱਡ ਹੈ। ਸਰਦੂਲ ਸਿੰਘ ਸੁਭਾਅ ਪੱਖੋਂ ਬੜੇ ਹੀ ਨਿਮਰ, ਨੇਕ ਅਤੇ ਗੁਰੂ ਭਾਣੇ ਅੰਦਰ ਰਹਿਣ ਵਾਲੇ ਸਨ।ਪਿੰਡ ਤੇ ਇਲਾਕੇ ਦੀ ਭਲਾਈ ਲਈ ਹਮੇਸ਼ ਤਤਪਰ ਰਹਿੰਦੇ ਜਿਸ ਕਾਰਨ ਉਹ ਲੋਕਪ੍ਰਿਯ ਅਤੇ ਸਭ ਦੇ ਹਰਮਨਪਿਆਰੇ ਸਨ। ਅਫਸੋਸ 9 ਫਰਵਰੀ 2025 ਦਿਨ ਐਤਵਾਰ ਨੂੰ ਸਰਦੂਲ ਸਿੰਘ ਆਪਣੇ ਹੱਸਦੇ ਵੱਸਦੇ ਪਰਿਵਾਰ ਨੂੰ ਸਦੀਵੀ ਵਿਛੋੜਾ ਦਿੰਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਰਿਵਾਰ ਵੱਲੋਂ ਰਖਾਏ ਗਏ ਅਖੰਡ ਪਾਠ ਸਾਹਿਬ ਭੋਗ ਅੱਜ 18 ਫ਼ਰਵਰੀ ਦਿਨ ਮੰਗਲਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਸਹਾਬਪੁਰ ਤਰਨਤਾਰਨ ਵਿਖੇ ਪੈਣ ਉਪਰੰਤ ਅੰਤਿਮ ਅਰਦਾਸ ਭਾਈ ਕਰਮ ਸਿੰਘ ਹਾਲ ਜੰਡਿਆਲਾ ਰੋਡ, ਤਰਨਤਾਰਨ ਵਿਖੇ ਦੁਪਹਿਰ 12:00 ਵਜੇ ਤੋਂ 1ਵਜੇ ਹੋਵੇਗੀ।ਉਪਰੰਤ ਰਾਗੀ ਸਿੰਘ ਵੈਰਾਗਮਈ ਕੀਰਤਨ ਕਰਨਗੇ।ਇਸ ਦੌਰਾਨ ਵੱਖ-ਵੱਖ ਸਮਾਜਿਕ, ਰਾਜਨੀਤਕ, ਧਾਰਮਿਕ, ਮੁਲਾਜ਼ਮ, ਮਜ਼ਦੂਰ, ਪੈਨਸ਼ਨਰਜ਼, ਸਮਾਜ ਸੇਵੀ ਸੰਗਠਨਾਂ ਅਤੇ ਅਧਿਆਪਕ ਵਰਗ ਦੇ ਆਗੂਆਂ ਵੱਲੋਂ ਸ਼ਰਧਾ ਦੇ ਸੁਮਨ ਭੇਟ ਕੀਤੇ ਜਾਣਗੇ।

-ਹਰਬਿੰਦਰ ਸਿੰਘ ਰਾਣਾ

ਚਾਰ ਰੋਜ਼ਾ ਫੁੱਟਬਾਲ ਟੂਰਨਾਮੈਂਟ 'ਚ ਭੋਰਛੀ ਬ੍ਰਾਹਮਣਾਂ ਜੇਤੂ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਸਬਾ ਫਤਿਹਾਬਾਦ ਵਿਖੇ ਚੱਲ ਰਹੇ 4 ਰੋਜ਼ਾ ਫੁੱਟਬਾਲ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਪਿੰਡ ਭੋਰਛੀ ਬ੍ਰਾਹਮਣਾਂ ਅਤੇ ਬੁੱਤ ਵਿਚਕਾਰ ਹੋਇਆ ਜਿਸ ਵਿੱਚ ਦੋਵਾਂ ਟੀਮਾਂ ਦਾ ਫਸਵਾਂ ਮੁਕਾਬਲਾ ਹੋਇਆ।ਮੈਚ ਦੇ ਅਖੀਰ ਤੱਕ ਦੋਵੇਂ ਟੀਮਾਂ ਬਰਾਬਰ ਰਹੀਆਂ, ਕੋਈ ਵੀ ਟੀਮ ਗੋਲ ਕਰਨ ਵਿਚ ਕਾਮਯਾਬ ਨਾ ਹੋ ਸਕੀ ਜਿਸ ਤੋਂ ਬਾਅਦ ਪਨੈਲਟੀ ਕਾਰਨਰ ਵਿੱਚ ਭੋਰਛੀ ਬ੍ਰਾਹਮਣਾਂ ਜੇਤੂ ਰਹੀ ਅਤੇ ਪਹਿਲਾ ਸਥਾਨ ਪ੍ਰਾਪਤ ਕੀਤਾ ਜਿਸ ਵਿੱਚ 71 ਹਜ਼ਾਰ ਰੁਪਏ ਅਤੇ ਟਰਾਫੀ ਦਿੱਤੀ ਅਤੇ ਦੂਸਰੇ ਸਥਾਨ 'ਤੇ ਆਈ ਟੀਮ ਬੁੱਤ ਨੂੰ 51 ਹਜ਼ਾਰ ਅਤੇ ਟਰਾਫੀ ਦਿੱਤੀ ਗਈ।

ਇਸ ਮੌਕੇ ਡਾ. ਜਗਵਿੰਦਰ ਸਿੰਘ ਮੱਣਕੂ ਸਰਪੰਚ ਫਤਿਹਾਬਾਦ, ਸਾਬਕਾ ਸਰਪੰਚ ਭੁਪਿੰਦਰ ਸਿੰਘ ਭਿੰਦਾ, ਪ੍ਰਧਾਨ ਪਰਮਜੀਤ ਸਿੰਘ ਦਿਓਲ, ਮਹਿੰਦਰ ਸਿੰਘ ਕੰਬੋਜ, ਸੁਖਦੇਵ ਸਿੰਘ ਨੰਬਰਦਾਰ, ਧਰਮ ਸਿੰਘ ਸੰਧਾ ਅਤੇ ਹੋਰ ਮੋਹਤਬਰਾਂ ਨੇ ਜੇਤੂ ਖਿਡਾਰੀਆਂ ਦਾ ਸਨਮਾਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਭੇਜ ਸਿੰਘ ਭੇਜੀ, ਜਸਕਰਨ ਸਿੰਘ ਜੱਸਾ ਆੜ੍ਹਤੀ, ਲਖਵਿੰਦਰ ਸਿੰਘ ਕਾਨੂੰਗੋ, ਬਲਕਾਰ ਸਿੰਘ ਮੈਂਬਰ, ਸੁਰਜੀਤ ਕੁਮਾਰ ਬਾਵਾ ਮੈਂਬਰ, ਕੁਲਦੀਪ ਸਿੰਘ, ਪ੍ਰਧਾਨ ਰਤਨ ਸਿੰਘ ਦਿਓਲ, ਚਰਨਜੀਤ ਸਿੰਘ ਦਿਓਲ, ਜਸਬੀਰ ਸਿੰਘ ਸਾਬੀ, ਬਲਕਾਰ ਸਿੰਘ, ਗੁਰਭੇਜ ਸਿੰਘ ਭੇਜੀ, ਜਗਤਾਰ ਸਿੰਘ, ਮਾਸਟਰ ਨਿਰਮਲ ਸਿੰਘ, ਜਸਬੀਰ ਸਿੰਘ, ਕਿਸਾਨ ਆਗੂ ਕੁਲਦੀਪ ਸਿੰਘ ਕੰਬੋਜ, ਬਲਦੇਵ ਸਿੰਘ ਕਾਕਾ ਮੈਂਬਰ, ਬਲਵਿੰਦਰ ਸਿੰਘ ਮੈਂਬਰ ਅਤੇ ਬਲਜੀਤ ਸਿੰਘ ਆਦਿ ਹਾਜ਼ਰ ਸਨ।

ਟਰੱਕ ਚਾਲਕ ਦੀ ਗਲਤੀ ਨਾਲ ਰੇਲਵੇ ਲਾਈਨਾਂ 'ਤੇ ਸਕੂਲੀ ਬੱਚੇ ਤੇ ਰਾਹਗੀਰ ਹੋਏ ਪਰੇਸ਼ਾਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਟਰੱਕ ਚਾਲਕ ਦੀ ਗਲਤੀ ਦੇ ਕਾਰਨ ਸਥਾਨਕ ਬੁੱਟਰ ਰੋਡ ਸਥਿਤ ਰੇਲਵੇ ਲਾਈਨਾਂ ਦੇ ਕਰਾਸਿੰਗ ਉਪਰ ਸਕੂਲੀ ਬੱਸ ਚਾਲਕ ਸਮੇਤ ਸਕੂਲੀ ਵਿਦਿਆਰਥੀ ਅਤੇ ਰਾਹਗੀਰਾਂ ਸਮੇਤ ਆਉਣ ਜਾਣ ਵਾਲੇ ਸਕੂਲੀ ਵਿਦਿਆਰਥੀਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ।

ਜਾਣਕਾਰੀ ਅਨੁਸਾਰ ਬੁਟਰ ਰੋਡ ਕਾਦੀਆਂ ਸਥਿਤ ਰੇਲਵੇ ਲਾਈਨਾਂ ਦੇ ਉਪਰ ਅਚਾਨਕ ਇੱਕ ਟਰੱਕ ਚਾਲਕ ਵੱਲੋਂ ਆਪਣੇ ਟਰੱਕ ਨੂੰ ਬੰਦ ਕਰ ਦਿੱਤਾ ਗਿਆ।ਟਰੱਕ ਚਾਲਕ ਨੇ ਦੱਸਿਆ ਕਿ ਇਹ ਟਰੱਕ ਖਰਾਬ ਹੋ ਗਿਆ ਹੈ, ਜਿਸ ਕਾਰਨ ਸਕੂਲੀ ਬੱਸ ਸਵਾਰ ਵਿਦਿਆਰਥੀ ਅਤੇ ਰਾਹਗੀਰ ਅਤੇ ਸਾਈਕਲਾਂ ਤੇ ਆਉਣ ਜਾਣ ਵਾਲੇ ਵਿਦਿਆਰਥੀਆਂ ਨੂੰ ਕਰੀਬ ਅੱਧਾ ਘੰਟਾ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਦੌਰਾਨ ਟਰੱਕ ਚਾਲਕ ਦੇ ਵੱਲੋਂ ਅਚਾਨਕ ਹੀ ਆਪਣੇ ਟਰੱਕ ਨੂੰ ਚਾਲੂ ਕਰ ਦਿੱਤਾ ਗਿਆ ਜਿਸ ਤੋਂ ਬਾਅਦ ਸਕੂਲੀ ਬੱਸ ਚਾਲਕ ਨੇ ਕਿਹਾ ਕਿ ਟਰੱਕ ਚਾਲਕ ਦੇ ਵੱਲੋਂ ਜਾਣ ਬੁੱਝ ਕੇ ਇੱਥੇ ਟਰੱਕ ਨੂੰ ਬੰਦ ਕੀਤਾ ਗਿਆ ਜਿਸ ਕਾਰਨ ਉਨ੍ਹਾਂ ਨੂੰ ਅਤੇ ਸਕੂਲੀ ਵਿਦਿਆਰਥੀਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ।ਇੱਥੇ ਦੱਸਣਯੋਗ ਹੈ ਕਿ ਜਿਸ ਵੇਲੇ ਇਹ ਟਰੱਕ ਚਾਲਕ ਨੇ ਆਪਣੇ ਟਰੱਕ ਨੂੰ ਬੰਦ ਕੀਤਾ ਸੀ ਉਸ ਦਰਮਿਆਨ ਅੰਮ੍ਰਿਤਸਰ ਤੋਂ ਵਾਇਆ ਬਟਾਲਾ ਹੁੰਦੀ ਹੋਈ ਇੱਕ ਟ੍ਰੇਨ ਵੀ ਉਥੋਂ ਗੁਜ਼ਰਦੀ ਹੈ।ਜੇਕਰ ਇਹ ਟਰੱਕ ਚਾਲਕ ਆਪਣੇ ਟਰੱਕ ਨੂੰ ਲਾਈਨਾਂ ਦੇ ਉਪਰ ਬੰਦ ਕਰ ਦਿੰਦਾ ਤਾਂ ਟਰੇਨ ਵਾਲਿਆਂ ਨੂੰ ਅਤੇ ਆਉਣ ਜਾਣ ਵਾਲੇ ਮੁਸਾਫਰਾਂ ਨੂੰ ਵੀ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਣਾ ਸੀ ।ਉਧਰ ਦੂਜੇ ਪਾਸੇ ਸਥਾਨਕ ਰਾਹਗੀਰਾਂ ਦੇ ਵੱਲੋਂ ਟਰੱਕ ਚਾਲਕ ਨੂੰ ਕਿਹਾ ਗਿਆ ਕਿ ਚੱਲ ਅਸੀਂ ਤੇਰੇ ਟਰੱਕ ਨੂੰ ਧੱਕਾ ਲਗਾ ਦਿੰਦੇ ਹਾਂ।ਜਦੋਂ ਧੱਕਾ ਲਗਾਉਣ ਲੋਕ ਆਏ ਤਾਂ ਟਰੱਕ ਚਾਲਕ ਦੇ ਵੱਲੋਂ ਆਪਣੇ ਟਰੱਕ ਨੂੰ ਅਚਾਨਕ ਚਾਲੂ ਕਰ ਦਿੱਤਾ ਗਿਆ ਅਤੇ ਉਥੋਂ ਚਲਾ ਗਿਆ।ਇਸ ਸਾਰੇ ਘਟਨਾਕ੍ਰਮ ਦੌਰਾਨ ਕਾਫੀ ਸਮੇਂ

18-Feb-PAGE-12.qxd 2/17/2025 11:10 PM Page 1

ਬਾਗੜੀਆਂ ਦੇ ਤਿੰਨ ਨੌਜਵਾਨ ਅਮਰੀਕਾ ਤੋਂ ਡਿਪੋਰਟ ਹੋ ਕੇ ਵਾਪਸ ਪਰਤੇ

ਭੁਲੱਥ,(ਮਨਪ੍ਰੀਤ ਸਿੰਘ)

ਸਬ ਡਵੀਜ਼ਨ ਕਸਬਾ ਭੁਲੱਥ ਦੇ ਨਜ਼ਦੀਕ ਪੈਂਦੇ ਪਿੰਡ ਬਾਗੜੀਆਂ ਦੇ ਤਿੰਨ ਨੌਜਵਾਨ ਅਮਰੀਕਾ ਤੋਂ ਡਿਪੋਰਟ ਹੋ ਕੇ ਘਰ ਵਾਪਸ ਪਰਤ ਆਏ ਹਨ ।ਸਵੇਰੇ 7 ਵਜੇ ਤੋਂ ਪਹਿਲਾਂ ਭੁਲੱਥ ਪੁਲਸ ਪ੍ਰਸ਼ਾਸਨ ਵੱਲੋਂ ਸੁਰੱਖਿਅਤ ਤਰੀਕਿਆਂ ਨਾਲ ਤਿੰਨਾਂ ਨੌਜਵਾਨਾਂ ਨੂੰ ਆਪਣੇ ਆਪਣੇ ਘਰਾਂ 'ਚ ਪਹੁੰਚਾਇਆ ਗਿਆ।ਅਮਰੀਕਾ ਤੋਂ ਡਿਪੋਰਟ ਹੋ ਕੇ ਪਰਤੇ ਤਰਜੀਤ ਸਿੰਘ ਪੁੱਤਰ ਬਲਵੀਰ ਸਿੰਘ ਨੇ ਦੱਸਿਆ ਕਿ ਉਹ 8 ਜਨਵਰੀ ਨੂੰ ਆਪਣੇ ਘਰੋਂ ਅਮਰੀਕਾ ਦੀ ਧਰਤੀ 'ਤੇ ਚੰਗੇ ਭਵਿੱਖ ਦੀ ਕਾਮਨਾ ਕਰਦੇ ਹੋਏ ਗਿਆ ਸੀ। ਉਸਨੇ ਦੱਸਿਆ ਕਿ ਜਦੋਂ ਉਹ 25 ਜਨਵਰੀ ਨੂੰ ਅਮਰੀਕਾ ਦੀ ਧਰਤੀ 'ਤੇ ਪੁੱਜਾ ਤਾਂ ਅਮਰੀਕਾ ਪੁਲਸ ਵੱਲੋਂ ਉਸ ਨੂੰ ਚੌਕੀ 'ਚ ਪਹੁੰਚਾ ਦਿੱਤਾ ਗਿਆ।ਜਿੱਥੇ ਕਿ ਬਹੁਤ ਹੀ ਮਾੜਾ ਰਵਈਆ ਕੀਤਾ ਜਾਂਦਾ ਸੀ ਤੇ ਖਾਣ ਵਾਸਤੇ ਸਿਰਫ ਇੱਕ ਟਾਈਮ ਬਰੈਡ ਵਗੈਰਾ 'ਤੇ ਹੀ ਸਾਰਨਾ ਪੈਂਦਾ ਸੀ।ਉਨ੍ਹਾਂ ਨੇ ਕੁਝ ਦਿਨ ਸਾਨੂੰ ਚੌਕੀ 'ਚ ਰੱਖਿਆ ਤੇ ਫਿਰ ਕੁਝ ਦਿਨ ਬਾਅਦ ਸਾਡੇ ਹੱਥਾਂ ਨੂੰ ਹੱਥ ਕੜੀਆਂ ਤੇ ਪੈਰਾਂ ਨੂੰ ਬੇੜੀਆਂ ਲਗਾ ਕੇ ਜਹਾਜ਼ ਵਿੱਚ ਬਿਠਾ ਕੇ ਵਾਪਸ ਇੰਡੀਆ ਭੇਜ ਦਿੱਤਾ।ਤਰਜੀਤ ਸਿੰਘ ਨੇ ਭਾਰਤ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਸਾਡੇ ਨਾਲ ਜਹਾਜ ਅੰਦਰ ਵੀ ਬੰਧੂਆ ਵਰਗਾ ਵਿਵਹਾਰ ਕੀਤਾ ਗਿਆ ਤੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਜਹਾਜ ਉਤਰਨ ਤੋਂ ਇੱਕ ਘੰਟਾ ਪਹਿਲਾਂ ਸਾਡੀਆਂ ਹੱਥ ਘੜੀਆਂ ਤੇ ਬੇੜੀਆਂ ਖੋਲੀਆਂ ਗਈਆਂ।ਉਹਨਾਂ ਭਾਰਤ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਜੋ ਧੱਕੇਸ਼ਾਹੀ ਅਮਰੀਕਾ ਸਰਕਾਰ ਕਰ ਰਹੀ ਹੈ, ਇਸ ਸੰਬੰਧੀ ਉਹਨਾਂ ਨੂੰ ਅਮਰੀਕਾ 'ਚ ਫਸੇ ਜਾਂ ਫਿਰ ਆਉਣ ਵਾਲੇ ਨੌਜਵਾਨ ਦੀ ਮਦਦ ਕਰਨ ਦੀ ਅਪੀਲ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਅਮਰੀਕਾ ਤੋਂ ਵਾਪਸ ਪਰਤੇ ਬਾਗੜੀਆਂ ਪਿੰਡ ਦੇ ਹੀ ਨੌਜਵਾਨ ਸੁਖਰਾਜ ਸਿੰਘ ਦੇ ਘਰ ਜਦੋਂ ਪੁੱਜੇ ਤਾਂ ਉਸਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਇਸ ਸਮੇਂ ਸਦਮੇ ਵਿੱਚ ਹਨ। ਜਦੋਂ ਫਿਰ ਤੀਸਰੇ ਨੌਜਵਾਨ ਮਨਿੰਦਰ ਸਿੰਘ ਜੋ ਬਾਗੜੀਆਂ ਪਿੰਡ ਦਾ ਹੀ ਸੀ, ਜਿਸਨੇ ਕਿਹਾ ਕਿ ਉਹ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਸਦਮੇ ਵਿੱਚ ਮਹਿਸੂਸ ਕਰ ਰਿਹਾ ਹੈ, ਜਿਸ ਕਰਕੇ ਉਹ ਕੋਈ ਵੀ ਗੱਲਬਾਤ ਦੱਸਣ ਤੋਂ ਅਸਮਰਥ ਹੈ।ਜਿਕਰਯੋਗ ਹੈ ਕਿ ਮਨਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਜੋ ਇੱਕ ਗਰੀਬ ਪਰਿਵਾਰ ਨਾਲ ਸੰਬੰਧਿਤ ਹੈ।

ਫਰਾਂਸ ਤੋਂ ਅਮਰੀਕਾ ਗਏ ਨੌਜਆਨ ਨੇ ਦੱਸੀ ਆਪਣੀ ਦਰਦ ਕਹਾਣੀ

ਕਪੂਰਥਲਾ (ਮਨਜੀਤ ਮਾਨ)

ਬਲਾਕ ਢਿੱਲਵਾਂ ਦੇ ਪਿੰਡ ਚੱਕੋਕਿ ਦੇ ਨੌਜਵਾਨ ਨਿਸ਼ਾਨ ਸਿੰਘ ਉਮਰ ਕਰੀਬ 19 ਕੁ ਸਾਲ ਜੋ ਲੱਖਾਂ ਰੁਪਏ ਖਰਚ ਕਰਨ ਤੋਂ ਬਾਅਦ ਅਮਰੀਕਾ ਵੱਲੋਂ ਡਿਪੋਰਟ ਕਰਨ ਤੋਂ ਬਾਅਦ ਆਪਣੇ ਪਿੰਡ ਚੱਕੋਕਿ ਵਾਪਸ ਪਰਤ ਆਇਆ।ਥਾਣਾ ਮੁਖੀ ਢਿੱਲਵਾਂ ਮਨਜੀਤ ਸਿੰਘ ਦੀ ਅਗਵਾਈ ਹੇਠ ਨਿਸ਼ਾਨ ਸਿੰਘ ਨੂੰ ਉਸ ਦੇ ਵਾਰਿਸਾਂ ਹਵਾਲੇ ਕੀਤਾ ਗਿਆ।ਪੱਤਰਕਾਰ ਨਾਲ ਗੱਲਬਾਤ ਕਰਦਿਆਂ ਨਿਸ਼ਾਨ ਸਿੰਘ ਪੁੱਤਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਹ ਸੁਨਹਿਰੇ ਭਵਿੱਖ ਲਈ 23 ਜੂਨ 2022 ਨੂੰ ਫਰਾਂਸ ਗਿਆ ਸੀ, ਬਾਅਦ ਵਿੱਚ ਫਰਾਂਸ ਤੋਂ ਅਮਰੀਕਾ ਸਿੱਧੇ ਜਾਣ ਲਈ ਉਸ ਦੇ ਪਰਿਵਾਰਕ ਮੈਂਬਰਾਂ ਨੇ ਇੱਕ ਏਜੰਟ ਨਾਲ 35 ਲੱਖ ਰੁਪਏ ਦੀ ਗੱਲਬਾਤ ਕੀਤੀ।ਉਹਨਾ ਨੇ ਜ਼ਮੀਨ ਨੂੰ ਗਹਿਣੇ ਪਾ ਕੇ ਅਤੇ ਸੋਨਾ ਵੇਚ ਕੇ ਅਤੇ ਪੈਸੇ ਵਿਆਜੀ ਫੜ ਕੇ ਉਕਤ ਏਜੰਟ ਨੂੰ ਕਰੀਬ 17 ਲੱਖ ਰੁਪਏ ਨਗਦ ਦਿੱਤੇ ਜਾਣ ਉਪਰੰਤ ਬਾਕੀ ਪੈਸੇ ਵੱਖ ਵੱਖ ਖਾਤਿਆਂ ਵਿੱਚ ਪਵਾਏ ਗਏ।24 ਜੂਨ 2024 ਨੂੰ ਉਹ ਫਰਾਂਸ ਤੋਂ ਅਮਰੀਕਾ ਜਾਣ ਲਈ ਰਵਾਨਾ ਹੋਇਆ ਉਹਨਾ ਦੱਸਿਆ ਕਿ ਉਕਤ ਏਜੰਟ ਨੇ ਸਾਨੂੰ ਅਮਰੀਕਾ ਸਿੱਧੀ ਫਲਾਈਟ ਨਾ ਕਰਵਾ ਕੇ ਜੰਗਲਾ ਵਿੱਚੋਂ ਡੌਂਕੀ ਲਗਵਾਈ ਅਤੇ ਰਸਤੇ ਵਿੱਚ ਵੀ ਪੈਸਿਆਂ ਦੀ ਮੰਗ ਕੀਤੀ। ਰਸਤੇ ਵਿੱਚ ਉਸ ਦੀ ਇੱਕ ਲੱਤ 'ਤੇ ਸੱਟ ਲੱਗ ਗਈ ਸੀ, ਜਿਸਦਾ ਡੌਕਰਾਂ ਨੇ ਕੋਈ ਇਲਾਜ ਨਹੀਂ ਕਰਵਾਇਆ, ਵੱਖ ਵੱਖ ਦੇਸ਼ਾਂ ਵਿੱਚੋਂ ਦੀ ਹੁੰਦਾ ਹੋਇਆ, ਬੀਤੀ 24 ਜਨਵਰੀ ਨੂੰ ਅਮਰੀਕਾ ਕੈਂਪ ਵਿੱਚ ਦਾਖਲ ਹੋਇਆ।ਅਮਰੀਕੀ ਕੈਂਪ ਵਿੱਚ ਵੀ ਹਾਲਾਤ ਬੁਰੇ ਸਨ। ਉਥੇ ਵੀ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਸੀ, ਅਮਰੀਕੀ ਕੀਪ ਵਿੱਚ ਪਾਕਿਸਤਾਨੀ ਟਰਾਂਸਲੇਟਰ ਨੇ ਉਸ ਨੂੰ ਦੱਸਿਆ ਕਿ ਹੁਣ ਉਸ ਨੂੰ ਭਾਰਤ ਭੇਜ ਰਹੇ ਹਨ ਨਿਸ਼ਾਨ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਅਤੇ ਸਮੂਹ ਪਰਿਵਾਰਿਕ ਮੈਂਬਰਾਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਉਹਨਾਂ ਦੀ ਮਦਦ ਕੀਤੀ ਜਾਵੇ।

ਪ੍ਰਾਇਮਰੀ ਸਮਾਰਟ ਸਕੂਲ ਮਾਈਦਿੱਤਾ ਵਿਖੇ ਬਾਲ ਮੇਲਾ ਕਰਵਾਇਆ

ਬੰਗਾ (ਅਵਤਾਰ ਕਲੇਰ)- ਪ੍ਰਾਇਮਰੀ ਸਮਾਰਟ ਸਕੂਲ ਮਾਈਦਿੱਤਾ ਵਿਖੇ ਬਾਲ ਮੇਲਾ ਕਰਵਾਇਆ ਗਿਆ।ਜਾਣਕਾਰੀ ਦਿੰਦਿਆ ਸਕੂਲ ਦੇ ਮੁੱਖ ਅਧਿਆਪਕ ਮੈਡਮ ਨਿੰਦਰ ਕੌਰ ਨੇ ਦੱਸਿਆ ਕਿ ਇਸ ਮੇਲੇ ਦਾ ਮੁੱਖ ਉਦੇਸ਼ ਬੱਚਿਆਂ ਦੇ ਬੋਧਿਕ, ਸਰੀਰਿਕ ਤੇ ਸਮਾਜਿਕ ਅਤੇ ਮਾਨਸਿਕ ਤੌਰ ਤੇ ਵਿਕਾਸ ਕਰਨਾ ਹੈ।ਬੱਚਿਆਂ ਦੇ ਵਿਕਾਸ ਨੂੰ ਧਿਆਨ 'ਚ

ਰੱਖਦਿਆਂ ਵੱਖ ਵੱਖ ਗਤੀਵਿਧੀਆ ਦਾ ਅਯੋਜਿਨ ਕੀਤਾ ਗਿਆ ਜਿਵੇਂ ਗੀਤ, ਕਵਿਤਾ, ਗਿੱਧਾ, ਭੰਗੜਾ ਤੇ ਮਨੋਰੰਜਨ ਭਰਪੂਰ ਖੇਡਾ ਆਦਿ।ਇਸ ਮੌਕੇ ਸਰਪੰਚ ਨਿੰਦਰ ਮਾਈਦਿੱਤਾ ਵੱਲੋਂ ਜਾਦੂ ਦੇ ਟ੍ਰਿਕਸ ਦਿਖਾ ਕੇ ਜਾਦੂ ਤੇ ਪਾਏ ਜਾਂਦੇ ਭਰਮ ਭੁਲੇਖੇ ਦੂਰ ਕੀਤੇ ਅਤੇ ਸਕੂਲ ਵਿੱਚ ਕੀਤੇ ਜਾਣ ਵਾਲੇ ਹਰ ਤਰ੍ਹਾਂ ਦੇ ਪ੍ਰੋਗਰਾਮ ਵਿੱਚ ਸਹਿਯੋਗ ਕਰਨ ਦਾ ਭਰੋਸਾ ਦਿੱਤਾ।ਇਸ ਸਮਾਗਮ ਵਿੱਚ ਮੈਡਮ ਕੁਲਵਿੰਦਰ ਕੌਰ, ਰਾਜਵਿੰਦਰ ਕੌਰ ਆਂਗਨਵਾੜੀ ਵਰਕਰ, ਪੰਚ ਅਮਨਦੀਪ ਕੌਰ, ਗੁਰਮੀਤ ਰਾਮ, ਕਸ਼ਮੀਰ ਕੌਰ, ਅਮਰਿੰਦਰ ਕੌਰ, ਕਮਲਜੀਤ ਕੌਰ, ਚਰਨਜੀਤ ਕੌਰ ਤੇ ਐੱਸ ਐੱਮ ਸੀ ਕਮੇਟੀ ਮੈਂਬਰ ਅਤੇ ਮਾਪੇ ਸ਼ਾਮਲ ਸਨ।

'ਚੰਨ ਚਾਨਣੀ ਤੇ ਚਕੋਰ' ਰਿਲੀਜ਼

ਮੋਹਾਲੀ, (ਗੁਰਜੀਤ ਬਿੱਲਾ)- ਪ੍ਰਸਿੱਧ ਭਾਰਤੀ-ਅਮਰੀਕੀ ਉੱਦਮੀ ਚਰਨਜੀਤ, ਜੋ ਕਈ

ਸਫਲ ਸਾਫਟਵੇਅਰ ਕੰਪਨੀਆਂ ਦੇ ਸੰਸਥਾਪਕ ਰਹੇ ਹਨ, ਨੇ ਆਪਣੀ ਨਵੀਂ ਕਿਤਾਬ 'ਚੰਨ ਚਾਨਣੀ ਤੇ ਚਕੋਰ' ਰਿਲੀਜ਼ ਕੀਤੀ।13 ਛੋਟੀਆਂ ਕਹਾਣੀਆਂ ਦਾ ਇਹ ਸੰਗ੍ਰਹਿ ਰਚਨਾਤਮਕ ਨੌਨ-ਫਿਕਸ਼ਨ ਦੀ ਦੁਨੀਆ ਵਿੱਚ ਡੂੰਘਾਈ ਨਾਲ ਉਤਰਦਾ ਹੈ, ਜੋ ਚਰਨਜੀਤ ਦੇ ਨਿੱਜੀ ਅਨੁਭਵਾਂ ਅਤੇ ਖਾਸ ਕਰਕੇ ਸਾਫਟਵੇਅਰ ਉਦਯੋਗ ਵਿੱਚ ਉਨ੍ਹਾਂ ਦੀ ਡੂੰਘੀ ਸੂਝ ਨੂੰ ਦਰਸਾਉਂਦਾ ਹੈ। 'ਚੰਨ, ਚਾਨਣੀ ਤੇ ਚਕੋਰ' ਚਰਨਜੀਤ ਦੇ ਲਿਖਣ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ।ਇਹ ਕਹਾਣੀਆਂ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਵਿੱਚ ਡੂੰਘਾਈ ਨਾਲ ਡੂੰਘਾਈ ਨਾਲ ਡੁੱਬਦੀਆਂ ਹਨ, ਜਿਨ੍ਹਾਂ ਦਾ ਮੁੱਖ ਕੇਂਦਰ ਰੋਜ਼ਾਨਾ ਜੀਵਨ ਵਿੱਚ ਔਰਤਾਂ ਦਾ ਵਿਕਾਸ ਹੈ - ਭਾਵੇਂ ਇਹ ਆਂਢ-ਗੁਆਂਢ ਵਿੱਚ ਹੋਵੇ ਜਾਂ ਕੰਮ ਵਾਲੀ ਥਾਂ 'ਤੇ। ਚਰਨਜੀਤ ਦੀ ਲਿਖਤ ਨਿੱਜੀ ਵਿਚਾਰਾਂ ਅਤੇ ਸਮਾਜਿਕ ਨਿਰੀਖਣਾਂ ਦਾ ਇੱਕ ਵਿਲੱਖਣ ਮਿਸ਼ਰਣ ਪੇਸ਼ ਕਰਦੀ ਹੈ, ਜੋ 'ਚੰਨ, ਚਾਨਣੀ ਤੇ ਚਕੋਰ' ਨੂੰ ਤਕਨਾਲੋਜੀ, ਸਮਾਜ ਅਤੇ ਮਨੁੱਖੀ ਅਨੁਭਵ ਦੇ ਸੰਬੰਧਾਂ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਇੱਕ ਦਿਲਚਸਪ ਪੜ੍ਹਨਯੋਗ ਬਣਾਉਂਦੀ ਹੈ।

ਗੁਰੂ ਘਰ ਨੂੰ ਸਿਆਸਤ ਵਜੋਂ ਪ੍ਰਯੋਗ ਕਰਨਾ ਠੀਕ ਨਹੀਂ : ਰਾਣਾ ਇੰਦਰ ਪ੍ਰਤਾਪ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਗੁਰੂ ਘਰ ਹਮੇਸ਼ਾਂ ਮੱਥਾ ਟੇਕਣ ਲਈ ਹੁੰਦੇ ਹਨ , ਸ਼ੁਕਰਾਨੇ ਲਈ ਹੁੰਦੇ ਹਨ ਨਾ ਕਿ ਸਿਆਸਤ ਲਈ, ਜੋ ਵਿਅਕਤੀ ਗੁਰੂ ਘਰ ਜਾ ਕੇ ਅਜਿਹਾ ਕਰਦਾ ਹੈ ਇਸ ਤੋਂ ਉੱਪਰ ਹੋਰ ਕੋਈ ਝੂਠਾ ਇਨਸਾਨ ਨਹੀਂ ਹੁੰਦਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਬੀਤੇ ਦਿਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਵੱਲੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿੱਚ ਜਾ ਕੇ ਰਿਸ਼ਵਤ ਨਾ ਖਾਣ ਦੇ ਮਾਮਲੇ ਵਿੱਚ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਸੁੰਹ ਚੁੱਕਣ ਦੇ ਕੀਤੇ ਚੈਲੰਜ ਦੇ ਮਾਮਲੇ ਵਿੱਚ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਹੇ। ਉਹਨਾਂ ਕਿਹਾ ਕਿ ਝੂਠਾ ਵਿਅਕਤੀ ਹੀ ਹਮੇਸ਼ਾਂ ਗੁਰੂ ਘਰ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਸੱਚਾ ਸਾਬਿਤ ਕਰਨਾ ਚਾਹੁੰਦਾ ਹੈ ਪ੍ਰੰਤੂ ਸੱਚਾਈ ਸਾਰੀ ਲੋਕਾਂ ਦੇ ਸਾਹਮਣੇ ਆ ਹੀ ਜਾਂਦੀ ਹੈ। ਉਹਨਾਂ ਕਿਹਾ ਕਿ ਅਜਿਹੀ ਝੂਠੀ ਸੁੰਹ ਖਾਣ ਵਾਲੇ ਨੂੰ ਤਾਂ ਵਾਹਿਗੁਰੂ ਵੀ ਨਹੀਂ ਬਖਸ਼ਦਾ ਅਤੇ ਸਾਰਾ ਲੇਖਾ ਜੋਖਾ ਇੱਥੇ ਧਰਤੀ 'ਤੇ ਹੀ ਦੇਣਾ ਪੈਂਦਾ ਹੈ। ਉਹਨਾਂ ਸਵਾਲ ਕਰਦਿਆਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਤੋਂ ਪੁੱਛਿਆ ਜਦੋਂ ਉਨਾਂ ਦੀ ਪਾਰਟੀ ਦੇ ਹੀ ਵਲੰਟੀਅਰ ਗੁਰਦੁਆਰਾ ਬੇਰ ਸਾਹਿਬ ਜਾ ਕੇ ਤੁਹਾਡੇ ਤੋਂ ਸਵਾਲ ਪੁੱਛਣਾ ਚਾਹੁੰਦੇ ਸਨ ਤਾਂ ਉਨਾਂ ਦੇ ਮੋਬਾਈਲ ਤੁਹਾਡੇ ਵਰਕਰਾਂ ਨੇ ਕਿਉਂ ਖੋਹ ਲਏ ਜੇ ਉਹਨਾਂ ਨੇ ਸੱਚੇ ਸਾਬਤ ਹੋਣ ਲਈ ਸੁੰਹ ਚੁੱਕ ਹੀ ਲਈ ਸੀ ਤਾਂ ਫਿਰ ਆਪਣੇ ਵਲੰਟੀਅਰਾਂ ਦੇ ਸਵਾਲਾਂ ਦੇ ਜਵਾਬ ਕਿਉਂ ਨਹੀਂ ਦਿੱਤੇ।ਵਿਧਾਇਕ ਨੇ ਕਿਹਾ ਕਿ ਜੋ ਲੀਡਰ ਪੰਜ ਸਾਲ ਪਹਿਲਾਂ ਬੱਜਰੀ ਚੁੱਕ ਕੇ ਵੀਡੀਓ ਰਾਹੀਂ ਇਹ ਦੱਸ ਰਿਹਾ ਸੀ ਕਿ ਇਸ ਵਿੱਚ ਮਟੀਰੀਅਲ ਕਿੰਨਾ ਹੈ ਉਸ ਦੇ ਕੋਲੋਂ ਹੁਣ ਸਰਕਾਰ ਬਣਨ ਦੇ ਉਪਰੰਤ ਤਿੰਨ ਸਾਲਾਂ ਵਿੱਚ ਵੀ ਕੋਈ ਜਾਂਚ ਕਿਉਂ ਨਹੀਂ ਕੀਤੀ ਗਈ।ਵਿਧਾਇਕ ਨੇ ਕਿਹਾ ਕਿ ਗੁਰੂ ਘਰ ਵਿੱਚ ਜਾ ਕੇ ਕਿਉਂ ਸੁੰਹ ਖਾਣ ਉਹਨਾਂ ਕਿਹਾ ਕਿ ਨਾ ਕਦੇ ਉਹਨਾਂ ਪਹਿਲਾਂ ਅਜਿਹੇ ਕੋਈ ਸੁੰਹ ਖਾਧੀ ਹੈ ਤੇ ਨਾ ਹੀ ਖਾਣਗੇ।

ਸੋਤਲਾ ਵਿਖੇ ਪ੍ਰਕਾਸ਼ ਪੁਰਬ 'ਤੇ ਕੀਰਤਨ ਦਰਬਾਰ ਕਰਵਾਇਆ

ਅੱਡਾ ਸਰਾਂ (ਜਸਵੀਰ ਕਾਜਲ)—ਸ਼੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਗਟ ਦਿਵਸ ਨੂੰ ਸਮਰਪਤ ਪਿੰਡ ਸੋਤਲੇ ਵਿਖੇ ਮਹਾਨ ਕੀਰਤਨ ਦਰਬਾਰ ਸ਼ਰਧਾ ਪੂਰਵਕ ਅਤੇ ਧੂਮਧਾਮ ਨਾਲ ਕਰਵਾਇਆ ਗਿਆ ।ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕਰਵਾਏ ਗਏ ਕੀਰਤਨ

ਦਰਬਾਰ ਵਿੱਚ ਪੰਥ ਦੇ ਮਹਾਨ ਕੀਰਤਨੀ ਜਥੇ ਬਾਬਾ ਪਿਆਰਾ ਸਿੰਘ ਸਿਰਥਲੇ ਵਾਲੇ, ਬਾਬਾ ਹਰਭਜਨ ਸਿੰਘ ਸੋਤਲੇ ਅਤੇ ਹੋਰ ਨਗਰ ਦੇ ਜੱਥਿਆਂ ਨੇ ਸੰਗਤਾਂ ਨੂੰ ਕੀਰਤਨ, ਗੁਰਬਾਣੀ ਕਥਾ ਵਿਚਾਰਾਂ ਨਾਲ ਜੋੜਿਆ ਅਤੇ ਕੀਰਤਨ ਨਾਲ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ ।ਪ੍ਰਬੰਧਕਾਂ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਨਗਰ ਦੀਆਂ ਸੰਗਤਾਂ ਅਤੇ ਐਨ ਆਰ ਆਈ ਸੰਗਤਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।ਇਸ ਮੌਕੇ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ,ਸੇਵਾਦਾਰ ਦਵਿੰਦਰ ਪਾਲ ਗੋਜਰਾ ਸਰਪੰਚ ਸੋਤਲਾ , ਵਾਸਦੇਵ ਸਿੰਘ , ਕੈਪਟਨ ਦੀਦਾਰ ਸਿੰਘ, ਗੁਰਮੁੱਖ ਸਿੰਘ, ਬਲਵੀਰ ਸਿੰਘ, ਨੰਬਰਦਾਰ ਨਰਿੰਦਰ ਪਾਲ, ਨੰਬਰਦਾਰ ਬਲਬੀਰ ਸਿੰਘ, ਪੰਕਜ ਗੋਜਰਾ, ਮਲਕੀਤ ਸਿੰਘ, ਬਲਜੀਤ ਸਿੰਘ, ਹਰਦਿਆਲ ਸਿੰਘ ,ਹੈਰੀ, ਅਰਸ਼ ,ਨੀਸੂ, ਗੁਰਦੀਪ ਸਿੰਘ, ਬਲਵਿੰਦਰ ਸਿੰਘ ,ਦਿਨੇਸ਼ ਕੁਮਾਰ, ਪਰਮਜੀਤ ਸਿੰਘ, ਸੁੱਚਾ ਸਿੰਘ, ਗੁਰਪਾਲ ਸਿੰਘ, ਸੁਰਿੰਦਰ ਸਿੰਘ, ਤਰਲੋਚਨ ਸਿੰਘ ,ਲਖਵਿੰਦਰ ਸਿੰਘ, ਸੰਦੀਪ ਸਿੰਘ, ਮਨਦੀਪ ਸਿੰਘ ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਹਾਜਰ ਸਨ।

ਡਮੁੰਡਾ ਵਿਖੇ ਉਸਾਰੇ ਜਾ ਰਹੇ ਸਟੇਡੀਅਮ ਦਾ ਐੱਸ ਡੀ ਐੱਮ ਵੱਲੋਂ ਦੌਰਾ

ਆਦਮਪੁਰ (ਪਰਮਜੀਤ ਸਿੰਘ)- ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ 'ਚ ਪ੍ਰਵਾਸੀ ਭਾਰਤੀ ਜਤਿੰਦਰ ਜੇ ਮਿਨਹਾਸ ਵਲੋਂ ਉਸਾਰਿਆ ਜਾ ਰਿਹਾ ਸਟੇਡੀਅਮ ਆਉਣ ਵਾਲੀਆਂ ਪੀੜੀਆਂ ਲਈ ਚਾਨਣ ਮੁਨਾਰਾ ਸਾਬਤ ਹੋਵੇਗਾ! ਇਹ ਪ੍ਰਗਟਾਵਾ ਐਸ ਡੀ ਐਮ ਆਦਮਪੁਰ ਵਿਵੇਕ ਕੁਮਾਰ ਮੋਦੀ ਨੇ ਪਿੰਡ ਡਮੁੰਡਾ ਵਿਖੇ ਪ੍ਰਵਾਸੀ ਭਾਰਤੀ ਅਤੇ ਉਘੇ ਸਮਾਜ ਸੇਵੀ ਜਤਿੰਦਰ ਜੇ ਮਿਨਹਾਸ ਵਲੋਂ ਉਸਾਰੇ ਜਾ ਰਹੇ ਸਟੇਡੀਅਮ ਦਾ ਦੌਰਾ ਕਰਨ ਉਪਰੰਤ ਕਹੇ। ਉਨਾਂ ਕਿਹਾ ਸਾਰਾਗੜ੍ਹੀ ਦਾ ਸਾਕਾ ਸਾਡੇ ਗੌਰਵਮਈ ਇਤਿਹਾਸ 'ਚ ਅਲੱਗ ਸਥਾਨ ਰੱਖਦਾ ਹੈ ਅਤੇ ਯੋਧਿਆਂ ਵਿਚ ਪਿੰਡ ਡਮੁੰਡਾ ਦੇ ਸ਼ਹੀਦ ਹੋਏ ਸੂਰਵੀਰਾਂ ਦੀ ਯਾਦ ਨੂੰ ਤਾਜਾ ਕਰ ਆਉਣ ਵਾਲੀ ਪੀੜੀ ਤੱਕ ਪਹੁੰਚਾਉਣ ਇਕ ਅਗਿਹਾ ਉਪਰਾਲਾ ਸ਼ਲਾਘਾਯੋਗ ਕਦਮ ਹੈ ਤੇ ਉਹ ਇਸ ਕੰਮ ਵਿਚ ਬਣਦਾ ਆਪਣਾ ਯੋਗਦਾਨ ਵੀ ਪਾਉਣਗੇ। ਮਿਨਹਾਸ ਨੇ ਕਿਹਾ ਕਿ ਉਨਾਂ ਦਾ ਸ਼ੁਰੂ ਤੋਂ ਇਹ ਸੁਪਨਾ ਸੀ ਕਿ ਉਹ ਆਪਣੇ ਪਿੰਡ ਦੇ ਸ਼ਹੀਦਾਂ ਨੂੰ ਨਮਨ ਕਰਦਿਆਂ ਕੁੱਝ ਅਜਿਹਾ ਕਰਨ ਜੋ ਲੰਮੇ ਸਮੇਂ ਤੱਕ ਸਾਨੂੰ ਉਨਾਂ ਦੀ ਲਸਾਨੀ ਸ਼ਹਾਦਤ ਦੀ ਯਾਦ ਦਿਵਾਉਂਦਾ ਰਹੇ। ਉਨਾਂ ਨੂੰ ਖੁਸ਼ੀ ਹੈ